# ਆਲੋਚਨਾ

ਮਾਰਚ ੧੯੬੨

ਮੁਲ : ੫੦ ਨ: ਪੈ:

ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ

Approved for use in the Schools and Colleges of the Panjab vide D. P. I's letter No. 3397—B—6/48—55—25796 dated July 1955.

# ਆਲੋਚਨਾ

ਸੰਪਾਦਕ :

ਪ੍ਰੋ. ਗੁਲਵੰਤ ਸਿੰਘ

ਜਿਲਦ ੮ ] ਮਾਰਚ ੧੯੬੨ [ ਕੁਲ ਅੰਕ ਨੰ: ਪ੮

ਅੰਕ ੩ ]

## ਲੇਖ-ਸੂਚੀ


| | | | |
|---|---|---|---|
| ੧. | ਸੰਤ-ਕਾਵਿ-ਆਦਰਸ਼-ਅਤੇ ਸੁਖਮਨੀ | (ਸੰਪਾਦਕੀਯ) | ੧ |
| ੨. | ਪੰਜਾਬੀ ਦਾ ਆਧੁਨਿਕਤਮ ਨਾਟਕ | ਈਸ਼ਰ ਸਿਘ ਅਟਾਰੀ ਐਮ. ਏ. | ੧੦ |
| ੩. | ਹਰਸਾ ਸਿੰਘ ਜੀ 'ਚਾਤਰ' | ਬਾਵਾ ਬਲਵੰਤ | ੨੦ |
| ੪. | ਕਵਿਤਾ ਕੀ ਹੈ ? | ਅਨੁਵਾਦਕ : ਕੁਲਬੀਰ ਸਿੰਘ ਕਾਂਗ | ੩੪ |


ਡਾ: ਸ਼ੇਰ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਪੱਤ੍ਰਕਾ ਦੀ ਮਾਲਿਕ ਪੰਜਾਬੀ ਸਾਹਿੱਤ ਅਕਾਡਮੀ ਵਲੋਂ ਮਹਿੰਦਰਾ ਆਰਟ ਪ੍ਰੈਸ, ਕਚਹਰੀ ਰੋਡ, ਲੁਧਿਆਣਾ ਵਿੱਚ ਛਾਪ ਕੇ ਦਫਤਰ "ਆਲੋਚਨਾ" ਪਪਪ ਐਲ. ਮਾਡਲ ਟਾਊਨ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

# ਸੰਤ-ਕਾਵਿ-ਆਦਰਸ਼ ਅਤੇ ਸੁਖਮਨੀ

ਸਾਹਿਤਕ ਰੂਪ-ਵਿਧਾਨ-ਆਦਰਸ਼ ਜੀਵਨ-ਆਦਰਸ਼ ਦੇ ਅਨੁਰੂਪ ਹੀ ਹੁੰਦਾ ਹੈ । ਸੰਤ-ਅੰਦੋਲਨ ਨਾਲ ਸੰਬੰਧਿਤ ਸੰਤ-ਮਾਰਗ ਦੇ ਵਿਚਾਰਕਾਂ ਨੇ ਇਕ ਵਿਸ਼ਿਸ਼ਟ ਜੀਵਨ-ਦਰਸ਼ਨ ਅਤੇ ਉਸ ਦੀ ਪ੍ਰਾਪਤੀ ਦਾ ਸਾਧਨ ਪ੍ਰਸਤੁਤ ਕੀਤਾ। ਸੰਤਾਂ ਦੁਆਰਾ ਜਿਸ ਸਾਹਿਤ ਸਾਮਗ੍ਰੀ ਦੀ ਰਚਨਾ ਹੋਈ, ਉਸ ਦਾ ਸ਼ੈਲੀ-ਵਿਅਕਤਿਤ੍ਵ ਸੁਸ਼ਕਤ ਅਤੇ ਉਦਾਤ ਚਿੰਤਨਾਤਮਕ ਜੀਵਨ ਤੋਂ ਪ੍ਰਭਾਵਿਤ ਹੈ। ਸੰਖੇਪ ਵਿਚ ਸੰਤ-ਆਦਰਸ਼ ਨਿਸਕਪਟ ਆਂਤਰਿਕ ਅਸਤਿਤ੍ਵ ਦਾ, ਸੁਰਤ ਦੀ ਦ੍ਰਿੜ੍ਹਤਾ ਦਾ, ਮਨ ਦੀ ਸੂਖਮਤਾ ਦਾ, ਬੁੱਧ ਦੀ ਪ੍ਰਾਂਜਲਤਾ ਦਾ ਅਤੇ ਚੇਤਨਾ ਦੀ ਸੁਛਤਾ ਦਾ ਆਦਰਸ਼ ਹੈ। ਸੰਤ ਆਦਰਸ਼ ਦੀਆਂ ਉਕਤ ਮਾਨਿਜਤਾਵਾਂ ਜਿਸ ਆਚਾਰ ਅਤੇ ਆਚਰਣ ਨੂੰ ਆਵਸ਼ਕ ਬਣਾਂਦੀਆਂ ਹਨ ਉਸ ਵਿਚ ਬਾਹਰੀ ਕਰਮ-ਅਨੁਸ਼ਠਾਨ ਦਾ ਕੋਈ ਮਹਤ੍ਵ ਨਹੀਂ । ਤੀਰਥ ਸਨਾਨ, ਵਰਤ, ਦਾਨ ਆਦਿ ਕਰਮ-ਅਨੁਸ਼ਠਾਨ ਸਿਧਾਂਤਕ ਰੂਪ ਵਿਚ ਬੇਸ਼ਕ ਕਿਸੇ ਭੀ ਅਰਥ ਦੇ ਲਖਾਇਕ ਮੰਨੇ ਜਾਂਦੇ ਹੋਣ ਸੰਤਾਂ ਦੁਆਰਾ ਅਪਣਾਂਈ ਜੀਵਨ-ਰੀਤੀ ਅਨੁਸਾਰ ਉਕਤ ਅਨੁਸ਼ਠਾਨ-ਪ੍ਰਤੀਕਾਂ ਦਾ ਅਰਥ-ਰਹਿਤ ਹੋਣਾ ਕਿਸੇ ਵਿਸ਼ੇਸ ਵਿਆਖਿਆ ਦਾ ਮੁਥਾਜ ਨਹੀਂ । ਜਿਸ ਜ਼ਮਾਨੇ ਵਿਚ ਸੰਤ ਚਿੰਤਕਾਂ, ਗਾਇਕਾਂ ਅਤੇ ਕਲਾਕਾਰਾਂ ਨੇ ਜਨ-ਜੀਵਨ ਵਿਚ ਸੁਰਤ ਮਤ ਅਤੇ ਚੇਤਨਾ ਦਾ ਪਰਿਵਰਤਨ ਲਿਆਣ ਦਾ ਯਤਨ ਕੀਤਾ ਉਹ ਕਾਲਖੰਡ ਬਾਹਰੋਂ ਆਏ ਮੁਸਲਮਾਨ ਹਮਲਾਵਰਾਂ ਦੁਆਰਾ ਸਥਾਪਿਤ ਕਟੜ ਦੀਨੀ ਸਾਮਰਾਜ ਦੀ ਪਰਿਪਕਤਾ ਦਾ ਜ਼ਮਾਨਾ ਸੀ । ਰਾਜਨੀਤਕ ਅਤੇ ਦੀਨੀ ਗੁਲਾਮੀ ਪਤਨ ਅਤੇ ਅਪਕਰਸ਼ ਨੂੰ ਅਗਾਧਤਮ (deepest) ਗਹਿਰਾਈਆਂ ਤਕ ਪਹੁੰਚਾਉਣ ਦਾ ਸਾਧਨ ਬਣਿਆ ਕਰਦੀ ਹੈ । ਇਸ ਲਿਹਾਜ਼

ਨਾਲ ਸੰਤ-ਕਾਲੀਨ ਜੀਵਨ ਅਤੇ ਸੰਤ-ਕਾਲੀਨ ਵਾਤਾਵਰਣਕ ਵਿਵਸਥਾ ਅਤੇ ਸਾਮਾਜਿਕ ਤਥਾ ਸਮਸ਼ਟਿਗਤ ਵਿਅਕਤਿਤ੍ਵ ਪ੍ਰਸਿਧ ਅੰਗ੍ਰੇਜ਼ ਚਿੰਤਕ ਜੋਡ ਦ੍ਵਾਰਾ ਵਿਵੇਚਿਤ ਅਪਕਰਸ਼ ਸਥਿਤੀ ਸੰਬੰਧੀ ਵਿਚਾਰਾਂ ਅਨੁਸਾਰ ਇਕ ਅਰਥ-ਹੀਨ ਰੂਪ ਅਰਥਾਤ Contentless form ਤੋਂ ਸਿਵਾ ਕੁਝ ਨਹੀਂ ਸੀ। ਸੰਤ ਚਿੰਤਕਾਂ ਨੇ ਉਸ ਨਿਸਪ੍ਰਾਣ ਰੂਪ ਵਿਚ ਅਰਥ-ਗੌਰਵ ਦੀ ਪ੍ਰਾਣ-ਆਤਮਾ ਦਾ ਸੰਚਾਰ ਕਰਨ ਦੀ ਕੋਸ਼ਸ਼ ਕੀਤੀ। ਜਿਹੜੀ ਜੀਵਨ ਸਾਮਗ੍ਰੀ ਤੇ ਜਿਹੜਾ ਮਾਨਵ-ਵਿਅਕਤਿਤ੍ਵ ਉਸ ਵੇਲੇ ਮੌਜੂਦ ਸੀ ਉਸ ਵਿਚ ਨਵੀਨ ਚੇਤਨਾ-ਸਪੰਦਨ ਉਪਜਾਣ ਦਾ ਯਤਨ ਕੀਤਾ। ਸਪਸ਼ਟ ਹੈ ਕਿ ਸੰਤ ਸਾਹਿਤਕਾਰਾਂ ਨੇ ਅਰਥ-ਤਤ੍ਵ, ਭਾਵ ਗੌਰਵ ਅਤੇ ਚੇਤਨਾ ਦੀ ਮਹਿਮਾ ਨੂੰ ਮੁਖ ਰੱਖਿਆ। ਸੰਤਾਂ ਦ੍ਵਾਰਾ ਪ੍ਰਚਾਰਿਤ ਜੀਵਨ ਆਦਰਸ਼ ਚੇਤਨਾ, ਗਿਆਨ ਅਤੇ ਸੁਰਤ ਦੀ ਕਰਮ-ਪ੍ਰਧਾਨ ਦ੍ਰਿੜ੍ਹਤਾ ਦਾ ਸਮਰਥਕ ਹੈ। ਆਚਾਰ-ਮਾਰਗ ਨਾਲ ਸੰਬੰਧਿਤ ਦ੍ਵਾਰਾ ਜੋ ਕਰਮ-ਅਨੁਸਠਾਨ ਦੇ ਰੂਪ ਹਨ ਉਹ ਉਸੇ ਸੂਰਤ ਵਿਚ ਮਹਤ੍ਵ-ਪੂਰਣ ਮੰਨੇ ਜਾ ਸਕਦੇ ਹਨ ਜੇ ਉਹ ਚੇਤਨਾ ਦੀ ਆਂਤਰਿਕ ਸੂਛਤਾ ਤੋਂ ਪ੍ਰੇਰਿਤ ਅਤੇ ਅਨੁਪ੍ਰਾਣਿਤ ਹੋਣ। ਵਾਸਤਵ ਵਿਚ ਕੇਵਲ ਸਰੀਰ ਜਾਂ ਸਰੀਰ ਦੇ ਅੰਗਾਂ ਦ੍ਵਾਰਾ ਜਾਂ ਸਰੀਰ ਤੇ ਧਾਰਣ ਕੀਤੇ ਹੋਏ ਅਨੁਸ਼ਠਾਨ ਚਿੰਨ ਕਿਸੇ ਚੇਤਨਾਤਮਕ ਮਹਤ੍ਵ ਦੇ ਪ੍ਰਮਾਣ ਨਹੀਂ ਮੰਨੇ ਜਾ ਸਕਦੇ। ਸੰਤ-ਚਿੰਤਕਾਂ ਨੇ ਜਨ ਜੀਵਨ ਨੂੰ ਪ੍ਰਭਾਵਿਤ ਕਰਨ ਵਾਸਤੇ ਜਨ ਸਮੂਹ ਰੂਪੀ ਮਹਾਨ ਸ਼ਿਲਾਖੰਡ ਅੰਦਰ ਚੇਤਨਾ ਦੀ ਸੌਂਦਰਯ ਪ੍ਰਤਿਮਾ ਸਥਾਪਿਤ ਕਰਨ ਲਈ ਗੀਤ, ਪਦ, ਸ਼ਬਦ, ਸਾਖੀਆ, ਸ਼ਲੋਕਾਂ ਅਤੇ ਇਸੇ ਤਰ੍ਹਾਂ ਦੇ ਹੋਰ ਰੂਪ ਵਿਧਾਨਾਤਮਕ ਢਾਂਚਿਆਂ ਦੇ ਮਾਧਿਅਮ ਦ੍ਵਾਰਾ ਆਪਣੇ ਵਿਚਾਰਾਂ ਨੂੰ ਪਸਾਰਿਆ। ਜੀਵਨ ਵਿਚ ਭੀ ਉਨ੍ਹਾਂ ਨੇ ਕਰਮ ਅਨੁਸ਼ਠਾਨ ਦੇ ਮੁਕਾਬਲੇ ਤੇ ਸੂਖਮ ਅਤੇ ਉਦਾਤ ਚੇਤਨਾ ਨੂੰ ਮੁਖ ਰਖਿਆ। ਸਾਹਿਤ ਰਚਨਾ ਦੇ ਸ਼ੈਲੀਗਤ ਪਿੜ ਵਿੱਚ ਭੀ ਉਨ੍ਹਾਂ ਨੇ ਸ਼ਬਦ-ਸੌਂਦਰਯ, ਸ਼ਬਦ-ਵਿਨਿਆਸ, ਲਯ-ਵਿਧਾਨ, ਅਲੰਕਾਰ-ਵਿਧਾਨ, ਬਿੰਬ-ਯੋਜਨਾ, ਰਸ, ਰੀਤੀ ਅਤੇ ਛੰਦ ਪ੍ਰਬੰਧ ਆਦਿ ਨਾਲ ਸੰਬੰਧਿਤ ਕਾਵਿ-ਸ਼ਾਸ਼ਤ੍ਰ ਦ੍ਵਾਰਾ ਨਿਰਦਿਸ਼ਟ ਸਿਧਾਂਤਾਂ ਦੀ ਪਾਬੰਦੀ ਦੀ ਪਰਵਾਹ ਨਹੀਂ ਕੀਤੀ : ਸੰਤ ਕਲਾਕਾਰਾਂ ਦੇ ਸਾਹਮਣੇ ਉਦੇਸ਼ ਅਰਥ ਗੌਰਵ ਦੇ ਪ੍ਰਤਿਪਾਦਨ ਦਾ ਸੀ। ਸੰਤ-ਚਿੰਤਕ ਤੇ ਸਾਹਿਤਕਾਰ ਆਪਣੇ ਜ਼ਮਾਨੇ ਦੇ ਵਾਤਾਵਰਣ ਤੋਂ ਸੰਤੁਸ਼ਟ ਨਹੀਂ ਸਨ। ਉਹ ਵਾਤਾਵਰਣਕ ਜੀਵਨ ਨੂੰ ਪਰਿਵਰਤਿਤ ਕਰਨਾ ਚਾਹੁੰਦੇ ਸਨ। ਸੰਤ-ਦਰਸ਼ਨ ਅਨੁਸਾਰ ਚੇਤਨਾ ਅਤੇ ਚੇਤਨਾ ਨਾਲ ਸੰਬੰਧਿਤ ਮਾਨਸਿਕ-ਸਥਿਤੀ ਕਰਮ ਦੀ ਪ੍ਰੇਰਕ ਅਤੇ ਨਿਯਾਮਕ ਹੈ। ਇਸ ਵਾਸਤੇ ਜਨ-ਮਨ ਵਿੱਚ ਚੇਟਨਾਤਮਕ ਪਰਿਵਰਤਨ ਵਾਤਾਵਰਣਕ ਵਿਵਸਥਾ ਵਿਚ ਪਰਿਵਰਤਨਕਾਰੀ ਸੁਧਾਰ ਲਿਆਉਣ ਲਈ ਆਵੱਸ਼ਕ ਸੀ, ਕਿਉਂਜੋ ਮਾਨਵ-ਅੰਤਹ ਕਰਣ ਵਿਚ ਪੈਦਾ ਹੋਈ ਪਰਿਵਰਤਨ-ਤਰੰਗ ਹੀ ਵਿਅਕਤਿਗਤ ਜੀਵਨ-ਪ੍ਰਤੀਕ

ਨੂੰ ਤੇ ਸਮਸ਼ਟੀਗਤ ਜੀਵਨ ਨੂੰ ਆਪਣੇ ਕਿਰਿਆਤਮਕ ਪ੍ਰਗਟਾਉ ਦਾ ਮਾਧਿਅਮ ਬਣਾ ਕੇ ਵਾਤਾਵਰਣ ਜੀਵਨ ਨੂੰ ਆਪਣੇ ਅਨੁਵਰਤਣ ਦੇ ਯੋਗ ਬਣਾ ਲੈਂਦੀ ਹੈ। ਗੁਰੂ-ਵਿਅਕਤੀਆਂ ਅਤੇ ਸੰਤ ਸਾਹਿਤਕਾਰਾਂ ਦੇ ਸਨਮੁਖ ਇਹ ਪ੍ਰਸ਼ਨ ਨਹੀਂ ਸੀ ਕਿ ਕਲਾ-ਕ੍ਰਿਤੀ ਅਤੇ ਕਾਵਿ-ਰਚਨਾ ਨੂੰ ਪ੍ਰਸਤੁਤ ਕਰਦੇ ਹੋਏ ਇਹ ਸੋਚਿਆ ਜਾਵੇ ਕਿ ਕਿਹੜਾ ਛੰਦ-ਵਿਧਾਨ ਜਾਂ ਕਿਹੜੀ ਅਨੁਪ੍ਰਾਸ-ਯੋਜਨਾ ਅਜਿਹੀ ਕਲਾਤਮਕ ਅਨੁਪਮਤਾ ਪੈਦਾ ਕਰ ਦੇਵੇਗੀ ਜਿਸ ਦੀ ਮਿਸਾਲ ਕਾਵਿ-ਭੰਡਾਰ ਵਿਚ ਨਾ ਮਿਲ ਮਿਲ ਸਕੇ। ਛੰਦ ਦੇ ਵਿਧਾਨ ਜਾਂ ਵਜ਼ਨ ਤੇ ਜ਼ਮੀਨ ਦੀ ਚੋਣ ਦੀ ਵਿਸ਼ਿਸ਼ਟਤਾ ਉਨ੍ਹਾਂ ਦਾ ਲਕਸ਼ ਨਹੀਂ ਸੀ। ਅਨੁਪ੍ਰਾਸ਼ ਸੌਂਦਰਯ ਦਾ ਨਿਰਦੋਸ਼ ਨਿਰਵਾਹ ਉਨ੍ਹਾਂ ਦੇ ਰਚਨਾ-ਕਰਮ ਦਾ ਕੋਈ ਪਹਲੂ ਨਹੀਂ ਸੀ। ਜਿਵੇਂ ਜੀਵਨ ਵਿਚ ਪ੍ਰਚਲਿਤ ਆਚਾਰ ਮਾਰਗ ਅਤੇ ਪ੍ਰਾਚੀਨ ਸ਼ਾਸ਼ਤ੍ਰਾਂ ਦ੍ਵਾਰਾ ਨਿਰਦਿਸ਼ਟ ਅਨੁਸ਼ਠਾਨ ਅਡੰਬਰਾਂ ਦਾ ਉਨ੍ਹਾਂ ਦੇ ਚੇਤਨਾ ਵਿਅਕਤਿਤ੍ਵ ਅਨੁਸਾਰ ਕੋਈ ਮਹਤ੍ਵ ਨਹੀਂ ਸੀ, ਇਸੇ ਤਰ੍ਹਾਂ ਉਨ੍ਹਾਂ ਨੇ ਕਾਵਿ-ਕਲਾ ਦੇ ਵਿਧਾਨਾਤਮਕ ਨਿਯਮਾਂ ਅਤੇ ਅਸੂਲਾਂ ਦਾ ਭੀ ਮਹਤ੍ਵ ਸ੍ਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਛੰਦ-ਗਤੀ, ਰਸ ਕੋਮਲਤਾ ਅਤੇ ਲਯ ਵਿਨਿਆਸ ਇਤਿਆਦਿ ਕਵਿਤਾ ਦੇ ਸ਼ਰੀਰਕ ਵਿਧਾਨ ਨਾਲ ਸੰਬੰਧਿਤ ਅੰਗਾਂ ਦੀ ਥਾਂ ਕਵਿਤਾ ਦੀ ਅੰਤਰਾਤਮਾ,ਸ਼ਬਦਾਂ ਵਿਚ ਵੇਸ਼ਟਿਤ ਅਰਥ ਦੀ ਗੰਭੀਰਤਾ, ਸੂਖਮਤਾ ਅਤੇ ਉਦਾਰਤਾ ਨੂੰ ਪ੍ਰਾਥਮਿਕਤਾ ਦਿੱਤੀ। ਸਾਹਿਤ ਦੇ ਇਤਿਹਾਸ ਵਿੱਚ ਅਜਿਹੇ ਕਾਲ ਖੰਡ ਭੀ ਦ੍ਰਿਸ਼ਟਿਗੋਚਰ ਹੁੰਦੇ ਹਨ ਜਿਨ੍ਹਾਂ ਵਿੱਚ ਕਲਾਕਾਰ ਸ਼ਬਦ ਚਮਤਕਾਰ ਦੇ ਨਵੇਂ ਪਹਲੂ ਤੇ ਰੂਪ ਪ੍ਰਸਤੁਤ ਕਰਨ ਲਈ ਹੀ ਨਵੇਂ ਨਵੇਂ ਯਤਨ ਕਰਦੇ ਹਨ, ਜਿਨ੍ਹਾਂ ਦੇ ਫਲਸ੍ਵਰੂਪ ਅਰਥ ਦੀ ਸੁਭਾਵਿਕ ਪ੍ਰਾਂਜਲਤਾ ਉਜਾਗਰ ਨਹੀਂ ਹੁੰਦੀ। ਸਗੋਂ ਰਚਨਾ ਉੱਤੇ ਕ੍ਰਿਤ੍ਰਿਮਤਾ ਦਾ ਵਾਤਾਵਰਣ ਛਾ ਜਾਂਦਾ ਹੈ। ਕਬੀਰ, ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਪਰਵਰਤੀ ਗੁਰੂ ਕਵੀ ਜਿਹੜੀ ਸਾਹਿਤਕ ਸਾਮਗ੍ਰੀ ਦੇ ਪ੍ਰਣੇਤਾ ਹਨ ਉਸ ਵਿੱਚ ਭਾਸ਼ਾ ਪੱਧਰ, ਸ਼ਬਦ ਸੌਂਦਰਯ ਜਾਂ ਛੰਦ-ਵਿਧਾਨ ਸੰਬੰਧੀ ਸ਼ਾਸਤ੍ਰੀਯ ਨਿਯਮਾਂ ਦੀ ਕ੍ਰਿਤ੍ਰਿਮ ਪਾਲਣਾ ਦੇ ਉਚੇਚੇ ਯਤਨ ਨਹੀਂ ਮਿਲਦੇ ਜਿਹੜੇ ਹੋਰ ਸੰਸਾਰਕ ਲਾਭ, ਜਸ ਅਤੇ ਮਨੋਰੰਜਨ ਦੇ ਪ੍ਰਯੋਜਨ ਨਾਲ ਰਚਨਾ ਕਰਨ ਵਾਲੇ ਸਾਹਿਤਕਾਰਾਂ ਦੀਆਂ ਕ੍ਰਿਤੀਆਂ ਵਿਚ ਮਿਲਦੇ ਹਨ।

ਸੰਤ ਕਵੀਆਂ, ਗੁਰੂ ਵਿਅਕਤੀਆਂ ਤੇ ਕਿਸੇ ਹੱਦ ਤਕ ਸੂਫੀਆਂ ਵਿੱਚ ਇੱਕ ਆਦਰਸ਼ ਮਿਲਦਾ ਹੈ—ਉਹ ਹੈ ਤਰੀਕਤ ਜਾਂ ਨਜ਼ਰ ਅਰਥਾਤ ਦਿਖਾਵੇ ਅਤੇ ਨਮੂਦ ਦੇ ਮੁਕਾਬਲੇ ਤੇ ਹਸਤੀ ਅਤੇ ਆਂਤਰਿਕ ਉਜ੍ਵਲਤਾ ਦਾ ਮਹਤ੍ਵ। ਗੁਰੂ ਕਾਵਿ ਦਾ ਸ਼ੈਲੀਗਤ ਵਿਅਕਤਿਤ੍ਵ ਭੀ ਗੁਰੂਆਂ ਤੇ ਸੰਤਾਂ ਦ੍ਵਾਰਾ ਆਪਣਾਏ ਵਿਅਕਤਿਤ੍ਵ ਆਦਰਸ਼ ਦੇ ਅਨੁਕੂਲ ਹੈ। ਪੁਸਤਕ ਗਿਆਨ ਤੇ ਪੋਥੀ—ਪਾਠ ਦਾ

ਜੋ ਪ੍ਰਭਾਵ ਮਾਨਵ ਵਿਅਕਤਿਤ੍ਵ ਉੱਤੇ ਪੈਂਦਾ ਹੈ ਉਸ ਨੂੰ ਜਾਣਕਾਰੀ ਜਾਂ ਸੂਫੀਆਂ ਦੀ ਪਾਰਿਭਾਸ਼ਿਕ ਸ਼ਬਦਾਵਲੀ ਵਿੱਚ ਪ੍ਰਯੁਕਤ ਸ਼ਬਦ 'ਖਬਰ' ਨਾਲ ਬਯਾਨ ਕੀਤਾ ਜਾ ਸਕਦਾ ਹੈ ਤਤ੍ਵਚਿੰਤਨ ਦੇ ਉਦਾਤ ਦ੍ਰਿਸ਼ਟਿਕੋਣ ਅਨੁਸਾਰ 'ਖਬਰ' ਚੇਤਨਾ-ਵਿਅਕਤਿਤ੍ਵ ਨੂੰ ਉਹ ਸਰਵਾਂਗੀ ਪੂਰਣਤਾ ਪ੍ਰਦਾਨ ਨਹੀਂ ਕਰਦੀ ਜਿਸ ਨਾਲ ਪਰਮਸੱਤ ਦੇ ਪਰਿਪੂਰਣ ਅਤੇ ਨਿਰਪੇਕਸ਼ ਸੁਭਾਵ ਦਾ ਸਾਖਸ਼ਾਤ ਸੰਭਵ ਹੋ ਸਕੇ। ਸੰਤਾਂ ਨੇ ਜਿਸ ਵਿਚਾਰ ਸੰਸਕ੍ਰਿਤੀ ਨੂੰ ਪ੍ਰਮੁਖਤਾ ਦਿੱਤੀ ਉਸ ਵਿਚ ਪੁਸਤਕ ਗਿਆਨ ਅਤੇ ਖਬਰ ਦੀ ਥਾਂ ਆਂਤਰਿਕ ਅਨੁਭਵ ਪ੍ਰਕਾਸ਼ ਜਾਂ ਦੀਦ ਜਾਂ ਨਜ਼ਰ ਦੀ ਪ੍ਰਮੁਖਤਾ ਹੈ। ਸੰਤ-ਕਾਵਿ ਵਿੱਚ ਅਰਥ ਪ੍ਰਗਟਾਊ ਸਾਹਿੱਤਕ ਅੰਸ਼ਾਂ ਉੱਤੇ ਜ਼ੋਰ ਹੈ। ਪੁਸਤਕ ਗਿਆਨ ਤੇ ਪੋਥੀ-ਪਾਠ ਨੂੰ ਤੱਤ੍ਵਗਿਆਨ ਪ੍ਰਾਪਤ ਕਰਨ ਲਈ ਵਿਅਰਥ ਮੰਨਿਆਂ ਗਇਆ ਹੈ। ਇਕ ਸੰਤ ਦਾ ਵਾਕ ਹੈ :

ਪੋਥੀ ਪੜ੍ਹ ਪੜ੍ਹ ਜਗ ਮੂਆ,
ਪੰਡਿਤ ਭਯਾ ਨਾ ਕੋਇ।

ਇਸ ਲਈ ਪੁਸਤਕ ਮੰਡਲ ਵਿੱਚ ਸਾਹਿੱਤ ਕਲਾ ਜਾਂ ਸ਼ੈਲੀਗਤ ਸੁੰਦਰਤਾ ਦੇ ਜੋ ਨਿਯਮ ਨਿਰਧਾਰਿਤ ਹਨ ਉਹ ਸੰਤ-ਚਿੰਤਕਾਂ ਨੂੰ ਸ਼ਿਰੋਮਣੀ ਆਦਰਸ਼ ਦੇ ਰੂਪ ਵਿੱਚ ਸ੍ਵੀਕਾਰ ਨਹੀਂ ਸਨ। ਸੰਤ-ਕਾਵਿ ਦੇ ਸ਼ੈਲੀ-ਗਤ ਸ੍ਵਰੂਪ ਨੂੰ ਨਿਰਧਾਰਿਤ ਕਰਨ ਵਾਲਾ ਇੱਕ ਪੱਖ ਜਨਸਮੂਹ ਦੇ ਗਿਆਨ ਪੱਧਰ ਨਾਲ ਅਨੁਕੂਲਤਾ ਹੈ। ਸੰਤ-ਕਾਵਿ ਦਾ ਸੰਬੋਧਨ ਸਰਵ ਸਾਧਾਰਣ ਨੂੰ ਹੈ। ਸਪਸ਼ਟ ਹੈ ਕਿ ਗਿਆਨ ਵਿਵੇਚਨਾ, ਤਤ੍ਵ ਮੀਮਾਨਸਾ, ਸ਼ਬਦ ਸੌਂਦਰਯ ਜਾਂ ਸ਼ਬਦ ਸੰਸਕ੍ਰਿਤੀ ਦੇ ਪਿੜ ਵਿੱਚ ਜਨ-ਸਮੂਹ ਦੀ ਕਲਾਤਾਮਕ ਜਾਂ ਵਿਵੇਚਨਾਤਮਕ ਪ੍ਰਗਤੀ ਅਜਿਹੀ ਨਹੀਂ ਹੁੰਦੀ ਕਿ ਉਸਨੂੰ ਕਿਸੇ ਵਿਸ਼ਿਸ਼ਟਤਾਂ ਦੇ ਯੋਗ ਸਮਝਿਆ ਜਾਵੇ। ਦਰਸ਼ਨ, ਉਤਮ ਅਤੇ ਉਦਾਤ ਸਾਹਿੱਤ ਉਚ ਵਰਗ ਵਿੱਚ ਹੀ ਪ੍ਰਚਲਿਤ ਰਹੇ ਹਨ ਤੇ ਮਧਕਾਲ ਵਿੱਚ ਭੀ ਪ੍ਰਚਲਿਤ ਸਨ। ਜਨਸਮੂਹ ਵਿੱਚ ਭਾਸ਼ਾ ਦਾ ਪ੍ਰਯੋਗ ਵਿਵਹਾਰ ਸਿਧੀ ਲਈ ਹੀ ਹੁੰਦਾ ਹੈ। ਜੀਵਨ ਦੇ ਕਠੋਰ ਸੰਗ੍ਰਾਮ ਦੇ ਕਾਰਣ ਨਾ ਤਾਂ ਉਹਨਾਂ ਨੂੰ ਇੰਨੀ ਫ਼ੁਰਸਤ ਹੁੰਦੀ ਹੈ ਕਿ ਉਹ ਭਾਵ-ਪ੍ਰਗਟਾਉ ਦੇ ਅੰਦਾਜ਼ ਦੀ ਸੂਖਮਤਾ ਵਲ ਧਿਆਨ ਦੇ ਸਕਣ ਤੇ ਨਾ ਹੀ ਉਨ੍ਹਾਂ ਦੀ ਸੌਂਦਰਯ-ਸੰਸਕ੍ਰਿਤੀ ਇੰਨੀ ਉੱਚੀ ਹੈ ਕਿ ਉਹ ਉਕਤ ਆਦਰਸ਼ ਨੂੰ ਸਫਲਤਾ-ਪੂਰਵਕ ਨਿਭਾ ਸਕਣ। ਇਸ਼ਟ-ਪ੍ਰਾਪਤੀ ਹੀ ਜਾ ਵਿਵਹਾਰ-ਸਿਧੀ ਹੀ ਉਨ੍ਹਾਂ ਦਾ ਲਕਸ਼ ਹੈ। ਤੇ ਇਹ ਲਕਸ਼ ਕੁਦਰਤੀ ਖਾਹਿਸ਼ਾਂ, ਲੋੜਾਂ ਅਤੇ ਮੰਗਾਂ ਦੇ ਪ੍ਰਗਟਾਉ ਤਕ ਹੀ ਸੀਮਿਤ ਹੈ। ਮਾਨਵ ਜੀਵਨ ਵਿੱਚ ਸ਼ਬਦ ਪ੍ਰਗਟਾਉ ਦਾ ਮਾਧਿਅਮ ਹੈ। ਜਨ-ਸਮੂਹ ਦੇ ਜੀਵਨ ਵਿੱਚ ਪ੍ਰਗਟਾਉ ਦੇ ਇਸੇ ਸਾਧਨ ਦੀ ਸੁੰਦਰਤਾ ਜਾਂ ਸੁਕੁਮਾਰਤਾ ਉਨ੍ਹਾਂ ਲਈ ਧਿਆਨ ਯੋਗ ਨਹੀਂ। ਵਕਤਾ

ਅਤੇ ਸੱਰਤਾ ਵਿਚਕਾਰ ਸ਼ਬਦ ਇੱਕ ਪ੍ਰਕਾਰ ਦੇ ਸੰਬੰਧ ਦਾ ਸੰਸਥਾਪਕ ਹੈ। ਇਸ ਸੰਬੰਧ ਸੰਸਥਾਪਕ ਨਿਮਿਤ ਦੀ ਸਫਲਤਾ ਉਦੋਂ ਹੀ ਸੰਭਵ ਹੈ ਜੇ ਵਕਤਾ ਅਤੇ ਸ਼ਰੋਤਾ ਵਿਚਕਾਰ ਉਕਤ ਨਿਮਿਤ ਸੰਬੰਧੀ ਮਾਨਸਿਕ ਅਤੇ ਬੋਧਿਕ ਸਾਂਝ ਹੋਵੇ। ਸੰਤ-ਚਿੰਤਕ ਖ਼ੁਦ ਜਨਸਮੂਹ ਵਿੱਚ ਰਹੇ ਸਨ ਅਤੇ ਜਨ-ਜੀਵਨ ਨੂੰ ਉਚਤਮ ਸਿਖਰਾਂ ਵਲ ਲੈ ਜਾਣਾ ਚਾਹੁੰਦੇ ਸਨ। ਜਨ-ਚੇਤਨਾ ਦੇ ਸਨਮੁਖ ਨਵੀਨ ਸਿਖਰਾਂ ਤੇ ਨਵੀਨ ਛਿਤਜ ਰਖਣਾ ਚਾਹੁੰਦੇ ਸਨ। ਅਸਾਧਾਰਣ ਅਤੇ ਵਿਸ਼ਿਸ਼ਟਤਾ ਦੇ ਪਿੜ ਨਾਲ ਸੰਬੰਧਿਤ ਸ਼ਬਦਾਂ ਪ੍ਰਤੀਕਾਂ, ਬਿੰਬ-ਚਿਤਰਾਂ, ਅਲੰਕਾਰਾਂ ਦੁਆਰਾ ਕਲਿਸ਼ਟ ਗਿਆਨ ਨੂੰ ਪੇਸ਼ ਕਰਕੇ ਜਨਚੇਤਨਾ ਵਿੱਚ ਲੋੜੀਦਾ ਪਰਿਵਰਤਨ ਸੰਭਵ ਨਹੀਂ ਸੀ। ਸੰਤਕਵੀਆਂ ਵਿਚ ਅਜਿਹੇ ਸਾਹਿੱਤਕਾਰ ਬਹੁਤ ਜ਼ਿਆਦਾ ਨਹੀਂ ਹਨ ਜਿਨ੍ਹਾਂ ਨੇ 'ਪੰਡਤਾਈ' ਦੇ ਕਿਸੇ ਮੰਨੇ ਪਰਮੰਨੇ ਆਦਰਸ਼-ਪੱਧਰ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ ਹੋਵੇ। ਜਨਸਮੂਹ ਜਿਵੇਂ ਬੋਲਚਾਲ ਵਿਚ, ਕਾਰ ਵਿਹਾਰ ਵਿੱਚ ਜਾਂ ਆਦਾਨ ਪ੍ਰਦਾਨ ਵਿੱਚ ਭਾਸ਼ਾ ਨੂੰ ਵਰਤਦੇ ਸਨ ਕਬੀਰ, ਗੁਰੂ ਨਾਨਕ, ਨਾਮਦੇਵ ਆਦਿ ਸੰਤਾਂ ਨੇ ਆਪਣੇ ਵਿਸ਼ੇਸ਼ ਪ੍ਰਚਾਰ ਲਈ ਭਾਸ਼ਾ ਦੇ ਉਸੇ ਰੂਪ ਨੂੰ ਮਾਧਿਅਮ ਬਣਾਇਆ। ਸ਼ਬਦ ਸਾਮਗ੍ਰੀ ਜੋ ਸੰਤ-ਕਾਵਿ-ਸਾਹਿੱਤ ਵਿੱਚ ਮਿਲਦੀ ਹੈ ਉਸ ਦੇ ਨਿਰਮਾਣ ਵਿਚ ਸ਼ਾਸਤ੍ਰੀਯਤਾ ਦਾ ਅੰਸ਼ ਪ੍ਰਧਾਨ ਨਹੀਂ। ਸੰਤ ਕਾਵਿ-ਸਾਹਿੱਤ ਦਾ ਸ਼ਬਦ-ਭੰਡਾਰ ਤਤਸਮ, ਅਰਧ ਤਤਸ਼ਮ, ਤਦਭਵ ਤ ਸਥਾਨਕ ਜਨਭਾਸ਼ਾ ਦੇ ਲੋਕ ਪ੍ਰਯੋਗ ਉਪਰ ਨਿਰਭਰ ਹੈ। ਅਪਕਰਸ਼ ਕਾਲ ਵਿੱਚ ਜਨ ਜੀਵਨ ਕਿਸੇ ਭੀ ਵਿਸ਼ੇਸ਼ ਨਿਯਮ ਦੁਆਰਾ ਅਨੁਸ਼ਾਸ਼ਿਤ ਨਹੀਂ ਹੁੰਦਾ। ਉਸ ਸੂਰਤ ਵਿੱਚ ਜਨ-ਮਸ਼ਤਿਸ਼ਕ ਦੇ ਸ਼ਬਦ ਪ੍ਰਯੋਗ ਵਿੱਚ ਕਿਸੇ ਸਿਧਾਂਤ ਦੇ ਅਧੀਨ ਹੋਣ ਦੀ ਸੰਭਾਵਨਾ ਨਹੀਂ ਹੋ ਸਕਦੀ। ਸ਼੍ਰੋਤਾ ਵਰਗ ਦੀ ਇਸ ਮਾਨਸਿਕ ਸਥਿਤੀ ਦਾ ਅਸਰ ਸੰਤ-ਸਾਹਿੱਤ ਦੀ ਸ਼ਬਦ-ਸਾਮਗ੍ਰੀ ਤੇ ਭੀ ਹੈ। ਪ੍ਰਾਚੀਨ ਗਰੰਥ ਵਿੱਚ ਜਿਹੜੀ ਸ਼ਬਦਾਵਲੀ ਮੌਜੂਦ ਹੈ ਜਨ ਸਾਧਾਰਣ ਦੇ ਉਚਾਰਣ ਅਤੇ ਪ੍ਰਯੋਗ ਦੇ ਕਾਰਣ ਉਸ ਵਿੱਚ ਤਬਦੀਲੀ ਆ ਜਾਂਦੀ ਹੈ। ਸੰਤ-ਕਾਵਿ ਵਿੱਚ ਵੀ ਜਨ ਸਾਧਾਰਣ ਦੇ ਉਚਾਰਣ ਅਤੇ ਪ੍ਰਯੋਗ ਦੇ ਅਨੁਸਾਰ ਹੀ ਰੁਚੀ ਦ੍ਰਿਸ਼ਟਿਗੋਚਰ ਹੁੰਦੀ ਹੈ। ਸ਼ਬਦ ਸੰਸਕ੍ਰਿਤੀ ਦੇ ਪਿੜ ਵਿਚ ਜਨ-ਚੇਤਨਾ ਨੇ ਕਦੀ ਕਿਸੇ ਸੌਂਦਰਯਾਤਮਕ ਸਿਧਾਂਤ ਦੀ ਪਾਬੰਦੀ ਨਹੀਂ ਕੀਤੀ ਤੇ ਜਨ-ਸਮੂਹਹਿਤ ਰਚੇ ਸਾਹਿਤ ਵਿੱਚ ਭੀ ਉਸ ਦੀ ਪਾਬੰਦੀ ਸੰਭਵ ਨਹੀਂ। ਸ਼ਬਦ-ਵਿਨਿਆਸ ਦੁਆਰਾ ਰਚਨਾ ਵਿੱਚ ਸੰਗੀਤਕ ਪ੍ਰਵਾਹ ਪੈਦਾ ਕੀਤਾ ਜਾਂਦਾ ਹੈ। ਸੰਤਾਂ ਦਾ ਸਾਹਿੱਤ ਅਧਿਕਤਰ ਗਾਇਆ ਜਾਂਦਾ ਸੀ ਤੇ ਅੱਜ ਕਲ ਭੀ ਉਨ੍ਹਾਂ ਦੇ ਜੀਵਨ ਮਾਰਗ ਦੇ ਅਨੁਯਾਈਆਂ ਦੁਆਰਾ ਉਸ ਦਾ ਗਾਇਨ ਹੁੰਦਾ ਹੈ। ਗਾਉਣ ਵਿੱਚ ਸੁਰ ਦੇ ਉਤਰਾ ਚੜ੍ਹਾ ਜਾਂ ਅਲਾਪ ਨਾਲ ਯਤੀ, ਵਿਸ਼੍ਰਾਮ ਜਾਂ ਕਿਤੇ ਸੱਕਤੇ ਦੀ ਕਸਰ ਪੂਰੀ ਹੋ ਜਾਂਦੀ ਹੈ। ਸੰਗੀਤਕ ਅਦਾ ਨਾਲ ਰਚਨਾ ਦਾ ਪ੍ਰਭਾਵ ਭੀ ਵਧ

ਜਾਂਦਾ ਹੈ। ਪਰ ਸ਼ਬਦ-ਵਿਨਿਆਸ ਦੇ ਜੋ ਵਿਧਾਨ ਸੰਤ-ਕਾਵਿ ਵਿੱਚ ਹਨ, ਉਹ ਅਰਥ ਪ੍ਰਗਟਾਉਦੇ ਅਧੀਨ ਹਨ। ਸੰਗੀਤਕ ਲਯ ਦੀ ਸੁੰਦਰਤਾ ਉਨ੍ਹਾਂ ਦੀ ਵਿਧਾਇਕ ਨਹੀਂ। ਗਾਇਕ ਗਾਉਣ ਸਮੇਂ ਇਨ੍ਹਾਂ ਵਿੱਚ ਲਘੂ ਗੁਰੂ ਹਰਸ੍ਵ ਦੀਰਘ ਆਦਿ ਦਾ ਮਾਤਰਾ ਪਰਿਵਰਤਨ ਬੇਸ਼ੱਕ ਕਰ ਲੈਂਦੇ ਹਨ। ਸ਼ਬਦ-ਵਿਧਾਨ ਦਾ ਸੰਬੰਧ ਸ਼ਬਦ ਪ੍ਰਯੋਗ ਨਾਲ ਹੀ ਹੈ। ਕਿਸੇ ਖਾਸ ਢੰਗ ਨਾਲ ਸਬਦਾਂ ਨੂੰ ਅਜੇਹੀ ਤਰਤੀਬ ਵਿੱਚ ਅੰਕਿਤ ਕਰਨਾ, ਜਿਹੜੀ ਲਯ ਜਾਂ ਧ੍ਵਨੀ ਦੀ ਇੱਕ ਵਿਸ਼ੇਸ਼ ਪ੍ਰਕ੍ਰਿਤੀ ਪੈਦਾ ਕਰ ਦੇਵੇ, ਛੰਦ ਦਾ ਲੱਛਣ ਬਣਦੀ ਹੈ। ਸੰਤ ਕਵੀਆਂ ਨੇ ਵਿਸ਼ੇਸ਼ ਰੂਪ ਵਿੱਚ ਕਿਸੇ ਵਿਸ਼ੇਸ਼ ਛੰਦ ਨੂੰ ਭਾਵ-ਪ੍ਰਗਟਾਉ ਦਾ ਮਾਧਿਅਮ ਨਹੀਂ ਬਣਾਇਆ ਜਿਵੇਂ ਕਲਾਸੀਕੀ ਕਾਲ ਦੀਆਂ ਪ੍ਰਾਮਾਣਿਕ ਕਲਾਸੀਕੀ ਰਚਨਾਵਾਂ ਵਿੱਚ ਹੈ। ਸੁਤੇ ਸਿੱਧ ਵਾਕ-ਰਚਨਾ ਵਿੱਚ ਜੇ ਛੰਦ-ਵਿਧਾਨ ਦੀ ਨੁਹਾਰ ਝਲਕ ਉਠੀ ਹੈ ਤਾਂ ਇਹ ਸੁਭਾਵਿਕ ਹੈ। ਪਿੰਗਲ ਨੂੰ ਮੁਖ ਰਖ ਕੇ ਸੰਤ-ਕਾਵਿ ਸਾਹਿੱਤ ਵਿੱਚ ਪ੍ਰਯੁਕਤ ਛੰਦਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਜ਼ਿਆਦਾ ਤਰ ਢਾਂਚੇ ਛੰਦ-ਵਿਧਾਨ ਦੇ ਅਜਿਹੇ ਮਿਲਣਗੇ, ਜਿਨ੍ਹਾਂ ਵਿੱਚ ਸਮਤਾ ਅਤੇ ਸੰਤੁਲਨ ਦੀ ਬਜਾਇ ਵਿਸ਼ਮਤਾ ਹੀ ਦ੍ਰਿਸ਼ਟਿਗੋਚਰ ਹੋਵੇਗੀ। ਸੰਤ ਦਰਸ਼ਨ ਵਿੱਚ ਵਿਚਾਰ-ਸੰਸਕ੍ਰਿਤੀ ਦਾ ਇੱਕ ਇਹ ਭੀ ਜ਼ਾਵੀਆ ਹੈ ਕਿ ਜੀਵਨ ਦੀਆਂ ਸਥਿਤੀਆਂ ਭਾਵੇਂ ਉਹ ਘਟਨਾਵਾਂ ਦੇ ਰੂਪ ਵਿੱਚ ਹੋਣ, ਭਾਵੇਂ ਉਹ ਦ੍ਰਿਸ਼ਾਂ ਜਾਂ ਜੀਵਾਂ ਦੇ ਰੂਪ ਵਿੱਚ—ਸਭ ਅਗੰਮ ਬ੍ਰਹਮ-ਸ਼ਕਤੀ ਦ੍ਵਾਰਾ ਨਿਰਮਿਤ ਆਪਾ-ਪ੍ਰਗਟਾਊ ਪ੍ਰਤੀਕ ਹਨ। ਵਿਅਕਤੀ ਦਾ ਕਰਤਵ ਹੈ ਕਿ ਉਹ ਸਾਧਨਾ, ਤਪੱਸਿਆ, ਘਾਲ ਕਮਾਈ, ਗੁਰੂ ਪ੍ਰਤਿ ਸ਼੍ਰਧਾ ਆਦਿ ਨਾਲ਼ ਆਪਣੇ ਆਪ ਨੂੰ ਇਸ ਯੋਗ ਬਣਾ ਲਵੇ ਕਿ ਅਗੰਮ ਸ਼ਕਤੀ ਦੀ ਉੱਚਤਮ ਅਵਸਥਾ ਉਸ ਨੂੰ ਆਪਣੇ ਪ੍ਰਗਟਾਉ ਦਾ ਮਾਧਿਅਮ ਬਣਾ ਲਵੇ। ਇਹੀ ਕਾਰਣ ਹੈ ਕਿ ਸੰਤ ਕਲਾਕਾਰਾਂ ਨੇ ਆਪਣੇ ਸਾਹਿੱਤ ਵਿੱਚ ਇਹ ਇਸ਼ਾਰੇ ਭੀ ਦਿੱਤੇ ਹਨ ਕਿ ਉਹ ਕੇਵਲ ਧੁਰ ਕੀ ਬਾਣੀ ਦੇ ਪ੍ਰਕਾਸ਼ ਦੇ ਨਿਮਿਤ ਮਾਤ੍ਰ ਹਨ। ਜਿਵੇਂ ਉਹ ਪਰਾਤਪਰ ਬੁਲਾਉਂਦਾ ਹੈ ਤਿਵੇਂ ਹੀ ਨਾਨਕ ਬੋਲਦਾ ਹੈ ਤੇ ਜੈਸੜੀ ਖਸਮ ਦੀ ਬਾਣੀ ਉਤਰਦੀ ਹੈ ਤੈਸੜਾ ਹੀ ਗਿਆਨ ਸੰਤ ਕਰਦੇ ਹਨ। ਬਲਕਿ ਉਨ੍ਹਾਂ ਦੇ ਬੁਲ੍ਹਾਂ ਅਤੇ ਜ਼ਬਾਨ ਦੀ ਹਰ ਗਤੀ ਉਸ ਸ਼ਕਤੀ ਦ੍ਵਾਰਾ ਹੀ ਅਨੁਸ਼ਾਸਤ ਅਤੇ ਸੰਚਾਲਿਤ ਹੈ। ਪ੍ਰਸਿੱਧ ਵਾਕ ਹੈ:—

"ਜਿਉਂ ਬੁਲਾਵੈ ਤਿਉਂ ਨਾਨਕ ਦਾਸ ਬੋਲੈ"

ਐਸੀ ਸੂਰਤ ਵਿੱਚ ਸੰਤ ਵਿਅਕਤਿਤ੍ਵ ਦਾ ਇੱਕ ਪਾਸੇ ਅਗੰਮੀ ਉਦਾਤਤਾ ਦੇ ਪ੍ਰਕਾਸ਼ ਦੇ ਨਿਮਿਤ ਹੁੰਦੇ ਹੋਏ, ਦੂਜੇ ਪਾਸੇ ਸ਼ਬਦ-ਪ੍ਰਯੋਗ

ਦਿਆਂ ਸ਼ਬਦ ਵਿਨਿਆਸ ਤੇ ਲੈਯ-ਵਿਧਾਨ ਦਿਆਂ ਬਨਾਵਟੀ ਅਸੂਲਾ ਦੇ ਅਧੀਨ ਰਹਣਾ ਨਿਆਇ ਅਨਕੂਲ ਨਹੀਂ ਹੁੰਦਾ। ਆਪਤ ਵਿਅਕਤਿਤ੍ਵ ਆਪਣੇ ਪ੍ਰਗਟਾਉ ਲਈ ਸ਼ਬਦ ਸਾਮਗਰੀ ਨੂੰ ਜਦੋਂ ਸਾਧਨ ਬਣਾਉਂਦਾ ਹੈ ਤਾਂ ਜ਼ਾਹਿਰੀ ਸੂਰਤ ਵਿੱਚ ਸ਼ਬਦ ਸੰਸਕ੍ਰਿਤੀ ਦੀ ਨਿਯਮਹੀਨਤਾ ਵਾਸਤਵ ਵਿੱਚ ਆਪਤ ਪ੍ਰਯੋਗ ਦੀ ਅਨੂਪਮਤਾ ਦੀ ਸੂਚਕ ਹੈ। ਇਸ ਲਈ ਛੰਦਗਤੀ ਦੀ ਅਨਿਯਮਤ ਵਰਤੋਂ ਜਾਂ ਵਿਅਕਤਿਗਤ ਚਰਣਾਂ ਦੀ ਉਸਾਰੀ ਤੇ ਤਰਤੀਬ ਵਿੱਚ ਅਨੁਪ੍ਰਾਸ-ਵਿਧਾਨ ਦੀ ਪਾਬੰਦੀ ਅਤੇ ਆਜ਼ਾਦੀ ਆਦਿ ਦੇ ਪਰਸਪਰ ਵਿਰੋਧੀ ਪ੍ਰਯੋਗ ਸੰਤ-ਕਲਾ ਦੀ ਆਪਤ ਪ੍ਰਕ੍ਰਿਤੀ ਦੇ ਪ੍ਰਮਾਣ ਹਨ। ਸੰਤ-ਕਾਵਿ ਸ਼ੈਲੀ ਵਿਚ ਸੰਤਾਂ ਦੇ ਜੀਵਨ ਅਤੇ ਵਿਅਕਤਿਤ੍ਵ ਆਦਰਸ਼ ਅਨੁਸਾਰ ਸ਼ਬਦ ਦੇ ਅਰਥ ਵਿਅਕਤਿਤ੍ਵ ਦੇ ਰੂਪਾਂਤਰ ਅਤੇ ਪਰਿਵਰਤਨ ਦਾ ਪੱਖ ਭੀ ਮਹਤ੍ਵ-ਪੂਰਣ ਹੈ। ਸਮਸਤ ਸੰਤ ਸਾਹਿਤ ਦਾ ਸੰਬੋਧਨ ਕਿਉਂਕਿ ਜਨ ਸਾਧਾਰਣ ਦੇ ਪ੍ਰਤਿ ਹੈ ਤੇ ਜਨ ਸਾਧਾਰਣ ਦੇ ਜੀਵਨ-ਅਨੁਭਵ ਵਿਚ ਪ੍ਰਧਾਨਤਾ ਪਰਸਪਰ ਸੰਬੰਧਾਂ ਨੂੰ ਵਿਸ਼ੇਸ਼ ਕਰ ਨੈਸਰਗਿਕ ਉਦਗਾਰਾਂ ਉੱਤੇ ਨਿਰਭਰ ਪਤੀ ਪਤਨੀ ਦੇ ਸੰਬੰਧ ਤੇ ਉਸ ਨਾਲ ਸੰਬੰਧਿਤ ਇਕ੍ਰਿਆਤਮਕ ਰਸ ਤੇ ਆਧਾਰਿਤ ਹਨ। ਜੀਵਨ ਦੇ ਇਸ ਪਿੜ ਵਿਚ ਸੰਤ ਕਲਾਕਾਰਾਂ ਨੇ ਉਪਮਾਨ, ਸਾਮਗ੍ਰੀ ਰੂਪਕ ਸੰਕੇਤ ਅਤੇ ਬਿੰਬਾਵਲੀ ਪ੍ਰਾਪਤ ਕਰਨ ਦਾ ਯਤਨ ਕਰਦੇ ਹੋਏ ਉਕਤ ਰਿਸ਼ਤਿਆਂ ਦੇ ਬਾਹਰੀ ਰੂਪ ਅਤੇ ਆਕਾਰ ਦੇ ਅੰਤਰਗਤ ਅਧਿਆਤਮਕਤਾ ਦੇ ਨਵੀਨ ਅਰਥ ਤੱਤ ਪੈਦਾ ਕੀਤੇ। ਇਸ ਤਰਾਂ ਉਨ੍ਹਾਂ ਨੇ ਸ਼ਬਦਾਂ ਦੀ ਅਰਥਗਤ ਆਂਤਰਿਕ ਸਮਰਿਧਤਾ ਵਿੱਚ ਵਾਧਾ ਕੀਤਾ। ਸ਼ਬਦ, ਪਦੇ, ਸਤਵਾਰੇ, ਸਦ ਤੇ ਬਾਰਾਂ ਮਾਹ ਆਦਿ ਰੂਪ ਵਿਧਾਨਾਤਮਕ ਢਾਂਚਿਆਂ ਵਿੱਚ ਸੰਤ ਵਿਚਾਰ-ਦਰਸ਼ਨ ਦੇ ਗੰਭੀਰ ਪਹਿਲੂਆਂ ਦਾ ਪ੍ਰਤਿਪਾਦਨ ਕਰਕੇ ਅਨੁਭਵਾਤਸਕ ਕੋਮਲਤਾ ਦੇ ਚਿਤਰ ਸਪ੍ਰਾਣ ਰੂਪ ਵਿੱਚ ਪੇਸ਼ ਕੀਤੇ। ਸੰਸਾਰਕ ਸਾਹਿਤ ਵਿੱਚ ਇਸਤ੍ਰੀ ਪੁਰਸ਼ ਦੇ ਰਾਗਾਤਮਕ ਸੰਬੰਧ ਦਾ ਚਿਤ੍ਰਣ ਨਾਇਕ ਨਾਇਕਾ ਭੇਦ ਜਾਂ ਸੰਦੇਸ਼-ਕਾਵਿ ਜਾਂ ਨਾਟਕ ਜਾਂ ਮਹਾਂ ਕਾਵਿ ਵਿੱਚ ਪ੍ਰਸੰਗਵਸ਼ ਅੰਕਿਤ ਕੀਤਾ ਗਇਆ ਹੈ। ਪਰੰਤੂ ਸੰਤ-ਕਾਵਿ ਵਿੱਚ ਕਾਮਿਨੀ ਕੰਤ ਕੇਵਲ ਚਿਤਰਾਤਮਕ ਸੰਕੇਤ ਦੀ ਹੈਸੀਅਤ ਵਿੱਚ ਪ੍ਰਯੁਕਤ ਹੋਏ ਹਨ। ਕਾਮਿਨੀ

ਕੰਤ ਦੇ ਪਰਸਪਰ ਵਿਯੋਗ ਦਾ ਤੇ ਸੰਜੋਗ ਦਾ ਵਰਣਨ ਸ਼ਿੰਗਾਰਾਤਮਕ ਵਾਤਾਵਰਣ ਦਾ ਧਾਰਣੀ ਬਣਨਾ ਸੁਭਾਵਿਕ ਹੈ । ਪਰ ਜੀਵਾਤਮਾ ਅਤੇ ਬ੍ਰਹਮਾਤਮਾ ਦਾ ਸੰਬੰਧ ਗੰਭੀਰ ਆਤਮਿਕ ਅਤੇ ਸੂਖਮ ਹੁਦਾ ਹੋਇਆ ਭੀ ਭਿੰਨ ਹੈ । ਸੰਸਾਰਕ ਕਾਵਿ ਵਿੱਚ ਰੂਪ-ਵਿਧਾਨ ਦਾ ਸਰੂਪ ਤੇ ਉਸਦੇ ਉਪਕਰਣ ਸ਼ਿੰਗਾਰ ਰਸ ਦੇ ਪ੍ਰਤਿਪਾਦਕ ਹੁੰਦੇ ਹਨ । ਪਰ ਸੰਤ ਕਾਵਿ ਵਿੱਚ ਰੂਪ-ਵਿਧਾਨ ਦਾ ਜ਼ਾਹਿਰੀ ਰਖ ਰਖਾਉ ਅਤੇ ਉਪਮਾਨ ਪ੍ਰਤੀਕਾਂ ਦਾ ਬਾਹਰੀ ਆਕਾਰ ਤੇ ਕੁਝ ਚਿਤ੍ਰ ਸੰਕੇਤਾਂ ਦੀ ਨੁਹਾਰ ਸ਼ਿੰਗਾਰਾਤਮਕ ਹੁੰਦੀ ਹੋਈ ਭੀ ਆਂਤਰਿਕ ਸੁਭਾਵ ਤੇ ਪ੍ਰਾਣਾਤਮਕ ਪ੍ਰਕ੍ਰਿਤੀ ਦੇ ਪੱਖ ਤੋਂ ਭਿੰਨ ਹੁੰਦੀ ਹੈ । ਇਥੇ ਵਾਤਾਵਰਣ ਮਧੁਰ ਤੇ ਉਜੂਲ ਹੁੰਦਾ ਹੈ । ਸੰਤਾਂ ਦੀ ਕਲਾ ਪ੍ਰਤਿਭਾ ਨੇ ਸ਼ਿੰਗਾਰ ਰਸ ਦਿਆਂ ਸ਼ਾਬਦਿਕ ਉਪਕਰਣਾਂ ਵਿੱਚ ਮਧੁਰ ਉਜੂਲਤਾ ਦਾ ਵਿਅਕਤਿਤ੍ਵ ਸੌਂਦਰਯ ਪੈਦਾ ਕੀਤਾ ਹੈ । ਸੰਤ ਕਾਵਿ ਕਲਾ ਦਾ ਇਹ ਸਿਰਜਨਾਤਮਕ ਪਖ ਹੈ ।

ਸੰਤ ਕਵੀਆਂ ਨੇ ਲਾਕਸ਼ਣਿਕਤਾ ਦਾ ਇਕ ਹੋਰ ਭੀ ਮਧੁਰ ਤਜਰਬਾ ਕੀਤਾ । ਪਰਾਤਪਰ ਦੇ ਸੌਂਦਰਯ ਸੋਮਜਾਤਮਈ ਪੱਖ ਨੂੰ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ । ਮੁਸਲਮਾਨ ਸੂਫੀਆਂ ਨੇ ਨਿਰਪੇਕਸ਼ ਅਸਤਿਤ੍ਵ ਦੇ ਸੌਂਦਰਯ ਸੋਮਜਤਾਮਈ ਪਹਿਲੂ ਦਾ ਚਿਤ੍ਰਣ ਇਸਤ੍ਰੀ ਰੂਪ ਸੌਂਦਰਯ ਦੇ ਆਕਰਸ਼ਿਕ ਚਿੰਨ ਵਿਸ਼ੇਸ਼ ਕਰ ਜ਼ੁਲਫ਼, ਨੈਣ, ਮਸਤਕ ਅਤੇ ਕਪੋਲ ਆਦਿ ਦੁਆਰਾ ਕੀਤਾ । ਸੰਤ-ਕਾਵਿ ਵਿੱਚ ਵਿਸ਼ੇਸ਼ ਕਰ ਸੰਤ-ਕਾਵਿ ਸਾਹਿਤ ਦੀ ਉਸ ਸਾਮਗ੍ਰੀ, ਜਿਸ ਨੂੰ ਗੁਰੂ ਨਾਨਕ ਦੇ ਪਰਵਰਤੀ ਗੁਰੂ ਵਿਅਕਤੀਆਂ ਨੇ ਪ੍ਰਣੀਤ ਕੀਤਾ ਵਿੱਚ ਇਸ ਤਜਰਬੇ ਦਾ ਇਸਤੇਮਾਲ ਮਿਲਦਾ ਹੈ । ਕੰਚਨ ਕਾਇਆ, ਬਾਂਕੇ, ਲੋਇਣ, ਲੰਮੜਵਾਲ਼ ਆਦਿ ਸ਼ਬਦ ਜੋ ਜ਼ਾਹਿਰੀ ਤੌਰ ਤੇ ਸਰੀਰਕ ਸੌਂਦਰਯ ਨਾਲ ਤਾਅਲੁਕ ਰਖਦੇ ਹੋਏ ਸ਼ਿੰਗਾਰ-ਰਸ ਦੇ ਪਾਰਥਿਵ ਪ੍ਰਾਸਾਦ ਦੇ ਵਿਧਾਇਕ ਤੱਤ੍ਵ ਹਨ । ਸੰਤ ਕਾਵਿ ਵਿੱਚ ਪਰਾਤਪਰ ਸੌਂਦਰਯ ਨੂੰ ਮੂਰਤੀਮਾਨ ਕਰਦੇ ਹੋਏ ਸ਼ਿੰਗਾਰ-ਰਸ ਨੂੰ ਮਧੁਰ ਜਾਂ ਉਜੂਲ ਰਸ ਵਿਚ ਪਰਿਣਤ ਕਰ ਰਹੇ ਹਨ । ਰਸ ਦਾ ਸੰਬੰਧ ਕਲਾਕ੍ਰਿਤੀ ਦੀ ਆਤਮਾ ਨਾਲ ਹੈ । ਸੰਤ ਕਵੀਆਂ ਦੀ ਮਾਨਵ ਨਿਰਦਿਸ਼ਟ ਮਰਯਾਦਾ ਤੋਂ ਸੁਤੰਤਰ ਪ੍ਰਤਿਭਾ ਨੇ ਰਸ਼ਵਿਅਕਤਿਤ੍ਵ ਦਾ ਵੀ ਰੂਪਾਂਤਰ ਕੀਤਾ । ਸ਼ਿਗਾਰ ਰਸ ਜਿਸ ਨੂੰ ਰਸ ਰਾਜ ਭੀ

ਆਖਿਆ ਜਾਂਦਾ ਹੈ ਦਾ ਵਾਤਾਵਰਣ ਸਰੀਰਕ ਅਤੇ ਮਾਦਕ ਹੁੰਦਾ ਹੈ। ਸ਼ਿੰਗਾਰ ਨਾਲ ਸੰਬੰਧਿਤ ਤਾਤਵਿਕ ਉਪਕਰਣਾਂ ਦਾ ਪ੍ਰਯੋਗ ਕਰਦੇ ਹੋਏ ਸੰਤਾਂ ਨੇ ਕਾਵਿਆਤਮਕ ਰਚਨਾਵਾਂ ਦੇ ਵਾਤਾਵਰਣ ਨੂੰ ਸ਼ਿੰਗਾਰਾਕ ਇੰਦ੍ਰਿਆਤਮਕਤਾ ਅਤੇ ਉਦਗਾਰਾਤਮਕ ਮਾਦਕਤਾ ਤੋਂ ਨਿਰਲਿਪਤ ਰਖਕੇ ਮਧੁਰ ਉਜੂਲਤਾ ਦੀ ਸਾਤਵਿਕਤਾ ਨੂੰ ਪੈਦਾ ਕੀਤਾ। ਇਹੀ ਸਾਤਵਿਕਤਾ ਸ਼ਿੰਗਾਰ ਰਸ ਦੇ ਵਿਅਕਤਿਤ੍ਵ ਰੂਪਾਂਤਰ ਦਾ ਪ੍ਰਮਾਣ ਹੈ।

( ਚਲਦਾ )

---

## ਉੱਚੇ ਪੱਧਰ ਦੀਆਂ ਵਿਸ਼ਿਸ਼ਟ ਰਚਨਾਵਾਂ:—



| | | |
|---|---|---|
| ੧. | ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ | ੨-੦੦ |
| ੨. | ਆਦਮੀ ਦੀ ਪਰਖ | ੧-੫੦ |
| ੩. | ਪੰਜਾਬੀ ਭਾਸ਼ਾ ਦਾ ਇਤਿਹਾਸ | ੪-੩੭ |
| ੪. | ਵਾਰ ਸ਼ਾਹ ਮੁਹਮਦ | ੪-੦੦ |
| ੫. | ਪ੍ਰਾਰੰਭਕ ਅਰਥ ਵਿਗਿਆਨ | ੬-੮੦ |
| ੬. | ਸ੍ਰੀ ਮਦ ਭਗਵਤ ਗੀਤਾ | ੨-੦੦ |
| ੭. | ਖਾਧ ਖੁਰਾਕ ਤੇ ਪਾਲਣ ਪੋਸਣ | ੨-੫੦ |
| ੮. | ਲੋਕ ਆਖਦੇ ਹਨ | ੫-੮੦ |
| ੯. | ਪਛਮੀ ਆਲੋਚਨਾ ਦੀ ਪਰੰਪਰਾ ਤਥਾ ਮੁਖ ਆਲਚਕਾਂ ਦੇ ਸਿਧਾਂਤ | ੪-੦੦ |
| ੧੦. | ਜੀਵਨ ਤੰਦਾਂ | ੩-੭੫ |
| ੧੧. | ਮੋਤੀ ਦੀ ਕਹਾਣੀ (ਬਾਲ-ਸਾਹਿੱਤ ਲੜੀ) | ੧-੦੦ |
| ੧੨. | ਪਿੰਗਲ ਤੇ ਅਰੂਜ਼ | ੬-੨੫ |
| ੧੩. | ਨੀਲੀ ਤੇ ਰਾਵੀ | ੫-੦੦ |
| ੧੪. | ਸੰਖਿਆ ਕੋਸ਼ | ੬-੫੦ |
| ੧੫. | A Comparative Study in Hindi & Panjabi Phonology | 25/- |

ਮਲਣ ਦਾ ਪਤਾ:—

ਸਕੱਤ੍ਰ,

**ਪੰਜਾਬੀ ਸਾਹਿੱਤ ਅਕਾਡਮੀ,**

੫੫੫ ਐਲ. ਮਾਡਲ ਟਾਊਨ, ਲੁਧਿਆਣਾ।

ਈਸ਼ਰ ਸਿੰਘ ਅਟਾਰੀ ਐਮ.ਏ.—

# ਪੰਜਾਬੀ ਦਾ ਆਧੁਨਿਕਤਮ ਨਾਟਕ

ਸਾਲ ੧੯੫੦ ਦੇ ਲਗ ਭਗ ਲਿਖਣਾ ਆਰੰਭ ਕਰਕੇ ਜਿਹੜੇ ਨਾਟਕ-ਲੇਖਕ ਹੁਣ ਪੰਜਾਬੀ ਨਾਟਕ ਸਾਹਿੱਤ ਨੂੰ ਵਰਣਨ-ਯੋਗ ਦੇਣ ਦੇ ਰਹੇ ਹਨ ਜਾਂ ਇਸ ਪਿੜ ਵਿੱਚ ਆਪਣਾ ਸਥਾਨ ਉੱਚਾ ਕਰ ਰਹੇ ਹਨ ਅਤੇ ਨਵੇਂ ਨਵੇਂ ਪ੍ਰਯੋਗਾਂ ਨਾਲ ਨਾਟਕ ਸਾਹਿੱਤ ਵਿੱਚ ਵਿਸ਼ਯ ਵੰਨਗੀ ਅਤੇ ਤਕਨੀਕ ਦੇ ਪੱਖ ਤੋਂ ਨਵੇਂ ਇਕਰਾਰਾਂ ਦੀ ਸੂਚਨਾ ਦੇ ਰਹੇ ਹਨ, ਉਨ੍ਹਾਂ ਨੂੰ ਮੈਂ ਪੰਜਾਬੀ ਦੇ ਆਧੁਨਿਕਤਮ ਨਾਟਕ ਦੇ ਕਰਤਾ ਸ੍ਵੀਕਾਰ ਕਰਦਾ ਹਾਂ। ਭਾਵੇਂ ਇਹ ਠੀਕ ਹੈ ਕਿ ਕੁਝ ਇੱਕ ਦੂਜੀ ਪੀੜ੍ਹੀ ਦੇ ਸਗੋਂ, ਪਹਲੀ ਪੀੜ੍ਹੀ ਦੇ ਨਾਟਕ-ਕਾਰਾਂ ਨੇ ਭੀ ਨਾਟਕ-ਰਚਨਾ ਦੇ ਸੰਬੰਧ ਵਿੱਚ ਮੁੰਦਾਵਣੀ ਨਹੀਂ ਲਾਈ ਸਗੋਂ ਉਨ੍ਹਾਂ ਵਿੱਚ ਕੁਝ ਨਾਟਕ-ਕਾਰ ਐਸੇ ਹਨ, ਜਿਵੇਂ ਕਿ ਹਰਚਰਨ ਸਿੰਘ, ਫੁਲ, ਆਹੂਜਾ, ਸੇਖੋਂ ਆਦਿ ਜਿਨ੍ਹਾਂ ਦੀਆਂ ਸਜਰੀਆਂ ਰਚਨਾਵਾਂ ਕੁਝ ਇੱਕ ਆਧੁਨਿਕਤਮ ਪ੍ਰਵ੍ਰਿਤੀਆਂ ਦੀਆਂ ਪਰਿਚਾਯਕ ਹਨ, ਪਰ ਸਮੁੱਚੇ ਰੂਪ ਵਿੱਚ ਜਿਨ੍ਹਾਂ ਨਾਟਕ-ਕਾਰਾਂ ਦੇ ਹੱਥ ਵਿੱਚ ਪੰਜਾਬੀ ਨਾਟਕ ਦਾ ਭਵਿਖ ਮੌਲਣ ਵਿਕਸਣ ਦੀ ਆਸ਼ਾ ਰਖਦਾ ਹੈ ਉਨ੍ਹਾ ਨੂੰ ਯੋਗ ਭਾਂਤ ਪੰਜਾਬੀ ਦੇ ਆਧੁਨਿਕਤਮ ਨਾਟਕ-ਕਾਰ ਕਹਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਮੁਖ ਰੂਪ ਵਿੱਚ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ, ਪਿਆਰਾ ਸਿੰਘ ਭੋਗਲ, ਹਰਸਰਨ ਸਿੰਘ ਅਤੇ ਪ੍ਰਤੋਸ਼ ਗਾਰਗੀ ਦੇ ਨਾਂ ਲਏ ਜਾ ਸਕਦੇ ਹਨ।

ਉਕਤ ਨਾਟਕਕਾਰਾਂ ਦੀਆਂ ਰਚਨਾਵਾਂ ਅਤੇ ਇਨ੍ਹਾਂ ਤੋਂ ਛੁਟ ਕੁਝ ਇੱਕ ਹੋਰ ਨਵੇਂ ਤੇ ਪੁਰਾਣੇ ਨਾਟਕਕਾਰਾਂ ਦੀਆਂ ਸਜਰੀਆਂ ਰਚਨਾਵਾਂ ਦਾ ਸਮੁੱਚਾ ਅਧਿਐਨ ਇਹ ਪ੍ਰਗਟ ਕਰਦਾ ਹੈ ਕਿ ਅਜ ਦੇ ਨਾਟਕ ਵਿੱਚ ਬਾਹਰਲਾ ਕਾਰਜ ਬੜਾ ਘਟ ਗਇਆ ਹੈ। ਅਜ ਦੇ ਨਾਟਕ ਵਿੱਚ ਪਾਤਰਾਂ ਨੂੰ ਸਰੀਰਕ ਰੂਪ ਵਿੱਚ ਬਹੁਤਾ ਕਾਰਜ ਕਰਦੇ ਨਹੀਂ ਵਿਖਾਇਆ ਜਾਂਦਾ ਅਤੇ ਨਾ ਹੀ ਝਾਕੀਆਂ, ਦ੍ਰਿਸ਼ਾਂ, ਘਟਨਾਵਾਂ ਅਤੇ ਮੰਚ ਦੀਆਂ ਹੋਰ ਮੰਗਾਂ ਦੇ ਸੰਬੰਧ ਵਿੱਚ ਸਾਮਗ੍ਰੀ ਦੀ ਵਧੇਰੇ ਆਵਸ਼ਕਤਾ ਰਖੀ ਜਾਂਦੀ ਹੈ। ਇਉਂ ਜੇ ਅਸੀਂ ਕਹ ਲਈਏ ਕਿ ਅਜ

ਦੇ ਨਾਟਕ ਵਿੱਚ ਕਾਰਜ ਵਧੇਰੇ ਸਰੀਰਕ ਨ ਰਹ ਕੇ ਵਧੇਰੇ ਆਂਤਰਿਕ ਹੋ ਗਇਆ ਹੈ ਅਤੇ ਉਸਦਾ ਖੇਤਰ ਮਨੋਵਿਗਿਆਨਕ ਬਣ ਗਇਆ ਹੈ ਤਾਂ ਕੋਈ ਅਨੁਚਿਤ ਗਲ ਨਹੀਂ ਹੋਵੇਗੀ। ਇਹ ਠੀਕ ਹੈ ਕਿ ਮਨੋਵਿਗਿਆਨਕ ਤਤ੍ਵ ਸਾਡੀ ਦੂਜੀ ਪੀੜ੍ਹੀ ਦੇ ਕੁਝ ਇੱਕ ਨਾਟਕਕਾਰਾਂ ਦੀਆਂ ਕੁਝ ਇਕ ਕਿਰਤਾਂ ਵਿੱਚ ਭੀ ਪ੍ਰਾਪਤ ਹੁੰਦੇ ਸਨ, ਪਰ ਅੰਤਰ ਮਾਤਰਾ ਵਿੱਚ ਹੈ, ਭਾਵ ਅਜ ਦੇ ਬਹੁਤੇ ਨਾਟਕਕਾਰਾਂ ਦੀਆਂ ਬਹੁਤੀਆਂ ਰਚਨਾਵਾਂ ਕੇਵਲ ਸਾਧਾਰਣ ਵਿਸ਼ਯਾਂ ਦਾ ਮਨੋਵਿਸ਼ਲੇਸ਼ਣ ਹੀ ਨਹੀਂ ਕਰਦੀਆਂ ਸਗੋਂ ਉਨ੍ਹਾਂ ਦੇ ਵਿਸ਼ਯ ਮਨੋ-ਵਿਗਿਆਨਕ ਗੁੰਝਲਾਂ ਤਥਾ ਹੋਰ ਡੂੰਘੇ ਮਾਨਸਿਕ ਦ੍ਵੰਦਾਂ ਅਤੇ ਸੰਸਕਾਰਾਂ ਨਾਲ ਸਬੰਧਿਤ ਹੋ ਗਏ ਹਨ ਅਤੇ ਉਹ ਕਿਸੇ ਬਾਹਰ ਦੀ ਘਟਨਾ ਉਤੇ ਆਧਾਰਿਤ ਨਾ ਹੁੰਦੇ ਹੋਏ ਕਿਸੇ ਆਂਤਰਿਕ ਅਵਸਥਾ ਉੱਤੇ ਨਿਰਭਰ ਕਰਦੇ ਹਨ।

ਪਹਲੇ ਨਾਟਕਾਂ ਵਿੱਚ ਲੇਖਕਾਂ ਦਾ ਅਨੁਭਵ ਸਾਮੂਹਿਕ ਰੂਪ ਦੇ ਜੀਵਨ ਤਥਾ ਸਮੂਹਗਤ ਪਰਿਸਥਿਤੀਆਂ ਅਤੇ ਅਵਸਥਾਵਾਂ ਨਾਲ ਸਬੰਧਿਤ ਹੁੰਦਾ ਸੀ ਅਤੇ ਉਨ੍ਹਾਂ ਦਾ ਨਿਭਾ ਅਤੇ ਸੁਝਾ ਦਾ ਲਕਸ਼ ਭੀ ਸਮੂਹਗਤ ਭਾਂਤ ਦਾ ਜਾਂ ਬਣੀਆ ਬਣਾਈਆ ਵਿਚਾਰ ਪ੍ਰਣਾਲੀਆਂ ਅਤੇ ਸਿਧਾਂਤਾਂ ਉੱਤੇ ਆਧਾਰਿਤ ਹੁੰਦਾ ਸੀ। ਜੀਵਨ ਵਧੇਰੇ ਰੂਪ ਵਿੱਚ ਪੇਂਡੂ ਸਮਾਜ ਨਾਲ ਸਬੰਧਿਤ ਹੁੰਦਾ ਸੀ, ਜਿਸ ਕਰਕੇ ਕੁਝ ਇੱਕ ਮੋਟੀਆਂ, ਠੁਲ੍ਹੀਆਂ ਸਮੱਸਿਆਵਾਂ ਹੀ ਰਚਨਾਵਾਂ ਦਾ ਵਿਸ਼ਯ ਹੁੰਦੀਆਂ ਸਨ ਅਤੇ ਉਨ੍ਹਾਂ ਪ੍ਰਤੀ ਲੇਖਕ ਦਾ ਚਿੰਤਨ ਭੀ ਬਹੁਤ ਡੂੰਘਾ ਅਤੇ ਸੂਖਮ ਨਾ ਹੁੰਦਾ ਹੋਇਆ ਘੜੇ ਘੜਾਏ ਗੁਰਾਂ ਤਕ ਹੀ ਸੀਮਿਤ ਰਹਿੰਦਾ ਸੀ। ਪਾਤਰ ਬਹੁਤੇ ਪੇਂਡੂ ਹੋਣ ਕਰਕੇ ਉਨ੍ਹਾਂ ਦੀਆਂ ਗੱਲਾਂ, ਸੋਚਣੀਆਂ ਅਤੇ ਗੁੰਝਲਾਂ ਸਿਧ ਪਧਰੀਆਂ ਹੁੰਦੀਆਂ ਸਨ ਅਤੇ ਜੇ ਕਿਤੇ ਕੋਈ ਮਨੋਵਿਗਿਆਨਕ ਜਾਂ ਭਾਵਕ ਗੱਲ ਆਉਂਦੀ ਸੀ ਤਾਂ ਉਹ ਪਾਤਰਾਂ ਦੀ ਨਾ ਰਹ ਕੇ ਲੇਖਕ ਦੀ ਆਪਣੀ ਬਣ ਜਾਂਦੀ ਸੀ, ਪਰ ਅਜ ਦੇ ਨਾਟਕ ਵਿੱਚ ਸ਼ਹਰੀ ਜੀਵਨ ਦੀ ਪ੍ਰਧਾਨਤਾ ਹੈ ਜਿਹੜਾ ਕਿ ਵਧੇਰੇ ਜਟਿਲ ਹੁੰਦਾ ਜਾ ਰਹਿਆ ਹੈ, ਅਤੇ ਇਹ ਗਲ ਸੰਤੋਖ-ਜਨਕ ਹੈ ਕਿ ਸਾਡੇ ਨਵੇਂ ਨਾਟਕ-ਕਾਰ ਇਸ ਜੀਵਨ ਦੀਆਂ ਵਧੇਰੇ ਜਟਿਲ ਗੁੰਝਲਾਂ ਅਤੇ ਮਨੋਵ੍ਰਿਤੀਆਂ ਦੀ ਥਾਹ ਲਾਉਣ ਵਿੱਚ ਵਧੇਰੇ ਡੂੰਘਾ ਝਾਕਣ ਦਾ ਜਤਨ ਕਰਦੇ ਹਨ। ਇਸਦੇ ਨਾਲ ਹੀ ਪਾਤਰ ਅਤੇ ਘਟਨਾਵਾਂ ਤਥਾ ਨਾਟਕ ਦਾ ਸਮੁਚਾ ਕਾਰਜ ਸਮੂਹਗਤ ਦੀ ਥਾਂ ਵਧੇਰੇ ਵਿਅਕਤਿਗਤ ਸ੍ਵਰੂਪ ਧਾਰਣ ਕਰਦਾ ਜਾ ਰਹਿਆ ਹੈ। ਭਾਵ ਹੁਣ ਰਚਨਾ ਜਾਂ ਕਾਰਜ ਦਾ ਕੇਂਦਰੀ ਵਿਸ਼ਯ "ਵਿਅਕਤੀ" ਹੈ "ਸਮੂਹ" ਨਹੀਂ, ਪਰ ਇਹ ਗਲ ਚੇਤੇ ਰਖਣ ਵਾਲੀ ਹੈ ਕਿ ਵਿਅਕਤੀ ਇਥੇ ਸਮੂਹ ਤੋਂ ਟੁਟਾ ਹੋਇਆ ਨਹੀਂ ਸਗੋਂ ਸਮੂਹ ਜਾਂ ਸਮਾਜ ਭਿੰਨ ਭਿੰਨ ਪ੍ਰਭਾਵ ਅਤੇ ਪਰਿਸਥਿਤੀਆਂ ਦੀ ਦੇਣ ਹੈ। ਅਜ ਦੇ ਇੱਕ 'ਵਿਅਕਤੀ" ਉੱਤੇ ਬਾਹਰ ਦਾ ਜੋ ਕਰਮ ਜਾਂ ਪ੍ਰਤਿਕਰਮ ਹੁੰਦਾ ਹੈ ਉਸਨੂੰ ਵਧੇਰੇ ਧਿਆਨ ਵਿੱਚ ਰਖਿਆ ਜਾਂਦਾ ਹੈ। ਸਿਟਾ ਇਹ ਹੈ ਕਿ ਜੀਵਨ ਦੇ ਨਿਰੀਖਣ ਵਿੱਚ ਡੂੰਘਾਈ

ਆ ਰਹੀ ਹੈ।

ਨਾਟਕ ਵਿੱਚ ਸਿਖਰ ਦਾ ਤੇ ਟੱਕਰ ਦਾ ਬੜਾ ਮਹਤ੍ਵ ਹੈ। ਜਦ ਅਸੀਂ ਕਹਿੰਦੇ ਹਾਂ ਕਿ ਅਜ ਦੇ ਨਾਟਕ ਵਿੱਚੋਂ ਕਾਰਜ ਵਧੇਰੇ ਠੀਕ ਸ਼ਬਦਾਂ ਵਿੱਚ ਬਾਹਰਲਾ ਕਾਰਜ—ਘਟ ਗਇਆ ਹੈ, ਤਾਂ ਇਸ ਦਾ ਭਾਵ ਇਹ ਨਹੀਂ ਕਿ ਨਾਟਕ ਵਿੱਚੋਂ ਟੱਕਰ ਜਾਂ ਸਿਖਰ ਵਿਲੁਪਤ ਹੋ ਗਈ ਹੈ, ਸਗੋਂ ਸਚ ਇਹ ਹੈ ਕਿ ਸਿਖਰ ਅਤੇ ਟਕਰ ਅਗੇ ਨਾਲੋਂ ਵਧੇਰੇ ਗੁੰਝਲਦਾਰ ਹੋ ਗਈ ਹੈ ਅਤੇ ਉਹ ਪਾਤਰ ਦੇ ਮਨ ਵਿੱਚ, ਉਸ ਦੇ ਮਨੋ-ਸੰਸਕਾਰਾਂ ਵਿੱਚ ਅਤੇ ਮਨੋ-ਵ੍ਰਿਤੀਆਂ ਵਿੱਚ ਉਤਪੰਨ ਹੁੰਦੀ ਹੈ, ਨਾ ਕਿ ਕਿਸੇ ਮੋਟਰ ਦੀ ਟੱਕਰ ਵਿੱਚ, ਕਿਸੇ ਸਥਿਤੀ ਦੇ ਉਲਟਣ ਵਿੱਚ ਜਾਂ ਭਾਵੀ ਦੇ ਬਦਲਣ ਵਿੱਚ। ਨਵਾਂ ਮੋੜ ਪਾਤਰ ਦੇ ਮਨ ਵਿੱਚ ਤਾਰਕਿਕ ਜਾਂ ਭਾਵਕ ਪਰਿਵਰਤਨ ਹੋਣ ਨਾਲ ਆਉਂਦਾ ਹੈ ਅਤੇ ਇਸੇ ਨਾਲ ਸਿਖਰ ਜਾਂ ਗੁੰਝਲ ਉਭਰਦੀ ਹੈ ਅਤੇ ਇਸੇ ਬੌਧਿਕ ਜਾਂ ਭਾਵਕ ਪਰਿਵਰਤਨ ਨਾਲ ਉਹ ਬਹਿੰਦੀ ਤੇ ਖੁਲ੍ਹਦੀ ਹੈ। ਇਸ ਦੇ ਵਿਪਰੀਤ ਪਹਲਿਆਂ ਬਹੁਤਿਆਂ ਨਾਟਕਾਂ ਵਿੱਚ ਪਾਤਰ ਦਾ ਸੰਘਰਸ਼ ਜਾਂ ਟੱਕਰ ਬਾਹਰਲੇ ਵਾਤਾਵਰਣ ਸਥਿਤੀ ਜਾਂ ਘਟਨਾ ਨਾਲ ਹੁੰਦੀ ਸੀ ਪਰ ਅਜ ਦੇ ਨਾਟਕ ਵਿੱਚ ਟੱਕਰ ਪਾਤਰਾਂ ਦੇ ਮਨ ਵਿੱਚ ਹੈ, ਸੰਘਰਸ਼ ਮਨ ਵਿੱਚ ਹੈ ਅਤੇ ਉਸ ਸੰਘਰਸ਼ ਦੀ ਜਿਤ ਜਾਂ ਹਾਰ ਭੀ ਮਾਨਸਿਕ ਪੱਧਰ ਉਤੇ ਹੀ ਹੈ। ਬਾਹਰ ਭਾਵੇਂ ਕੁਝ ਭੀ ਨਹੀਂ ਬਦਲਦਾ ਪਰ ਅੰਦਰ ਇੱਕ ਪਰਿਵਰਤਨ ਆ ਚੁੱਕਾ ਹੁੰਦਾ ਹੈ।

ਅਜ ਦੇ ਨਾਟਕਾਂ ਵਿੱਚ ਜਿਵੇਂ ਕਿ ਹੋਰ ਸਾਹਿੱਤ-ਰਚਨਾਵਾਂ ਕਹਾਣੀ, ਕ੍ਵਿਤਾ ਤੇ ਨਾਵਲ ਆਦਿ ਵਿੱਚ ਹੁੰਦਾ ਹੈ, ਭਾਸ਼ਣਕਾਰੀ ਸਮਾਜਵਾਦ ਜਾਂ ਨਾਂ ਦੇ ਪ੍ਰਗਤਿਵਾਦ ਜਾਂ ਸੁਧਾਰਵਾਦ ਦੇ ਸਿਧੇ ਪ੍ਰਚਾਰ ਵਲੋਂ ਭੀ ਸੰਕੋਚ ਵੇਖਿਆ ਜਾ ਰਹਿਆ ਹੈ, ਜਦ ਕਿ ਪਹਲੇ ਨਾਟਕਾਂ ਵਿੱਚ ਇਹ ਜਤਨ ਉਚੇਚੇ ਰੂਪ ਵਿੱਚ ਅਤੇ ਕਈ ਵੇਰ ਕਲਾ ਦੀ ਕੁਰਬਾਨੀ ਦੇ ਕੇ ਭੀ ਕੀਤਾ ਜਾਂਦਾ ਸੀ। ਇਸ ਦਾ ਫਲ ਇਹ ਹੋਇਆ ਹੈ ਕਿ ਨਾਟਕ ਰਚਨਾਵਾਂ ਵਿੱਚ ਕਲਾ ਦੀ ਦ੍ਰਿਸ਼ਟੀ ਤੋਂ ਪਕਿਆਈ, ਸੁਹਜ ਸੁਆਦ ਦੇ ਪੱਖ ਤੋਂ ਰੋਚਕਤਾ, ਸੂਖਮਤਾ ਅਤੇ ਸਰਸਤਾ ਵਧੇਰੇ ਆ ਰਹੀ ਹੈ ਪਰ ਕੁਝ ਇਕ ਨਾਟਕਕਾਰ ਹਾਲੀ ਭੀ ਨਿਰੋਲ ਚਲੰਤ ਰਾਜਸੀ ਅਤੇ ਸਮਾਜੀ ਸਮੱਸਿਆਵਾਂ ਦੇ ਸਿੱਧੇ ਪ੍ਰਚਾਰ ਦੀ ਦ੍ਰਿਸ਼ਟੀ ਤੋਂ ਰਚਨਾਵਾਂ ਕਰ ਰਹੇ ਹਨ ਜਿਹੜੀਆਂ ਕਿ ਦੇਸ਼ ਦੇ ਵਿਕਾਸ ਅਤੇ ਨਵ-ਨਿਰਮਾਣ ਜਾਂ ਹੋਰ ਸਾਮਿਅਕ ਲੋੜਾਂ ਦੀ ਪੂਰਤੀ ਲਈ ਉਨ੍ਹਾਂ ਨੂੰ ਕਰਨੀਆਂ ਪੈਂਦੀਆਂ ਹਨ। ਦੁਗਲ, ਹਰਚਰਨ ਸਿੰਘ ਅਤੇ ਭੋਗਲ ਦੇ ਕੁਝ ਨਾਟਕ ਤਥਾ ਇਕਾਂਗੀ ਇਸੇ ਭਾਂਤ ਦੀਆਂ ਕਿਰਤਾਂ ਹਨ। ਇਸੇ ਤਰ੍ਹਾਂ ਗੁਰਚਰਨ ਸਿੰਘ ਨੇ ਇੱਕ ਨਾਟਕ "ਸਮੇਂ ਦੀ ਹਵਾ" ਕਮਿਊਨਿਟੀ ਪ੍ਰੋਜੈਕਟ ਦੇ ਮੰਤਵਾ ਦੇ ਪ੍ਰਚਾਰ ਹਿਤ ਲਿਖਿਆ ਜਾਪਦਾ ਹੈ। ਫੁਲ ਦਾ "ਰਾਤ ਕਟ ਗਈ" ਅਤੇ ਤ੍ਰੇਰਾ ਸਿੰਘ ਚੰਨ ਦੇ ਕੁਝ ਗੀਤ-ਨਾਟ ਭੀ ਇਸੇ ਸ੍ਰੇਣੀ ਵਿੱਚ

ਰਖੇ ਜਾ ਸਕਦੇ ਹਨ। ਪਰ ਦੂਜੇ ਨਾਟਕਕਾਰਾ ਦਾ, ਜਿਹੜੇ ਉਕਤ ਭਾਂਤ ਦੇ ਪ੍ਰਚਾਰ ਲਈ ਨਾਟਕ ਨਹੀਂ ਲਿਖਦੇ, ਚਿੰਤਨ ਕੋਈ ਪਰਾਸਰੀਰਕ ਜਾਂ ਨਿਰੋਲ ਕਿਆਸੀ ਤੇ ਕਲਪਿਤ ਸੰਸਾਰ ਦਾ ਹੀ ਨਹੀਂ ਹੁੰਦਾ, ਸਗੋਂ ਉਨ੍ਹਾਂ ਦੇ ਚਿੰਤਨ ਦੀਆਂ ਜੜ੍ਹਾਂ ਸਮਾਜਵਾਦ ਅਤੇ ਵਿਗਿਆਨਕ ਅਧਿਐਨ ਵਿੱਚ ਹੀ ਹੁੰਦੀਆਂ ਹਨ। ਉਹ ਕਲਾਕਾਰ ਦੇ ਨਾਤੇ ਕਲਾ ਦੀ ਪ੍ਰਮੁਖ ਲੋੜ ਨੂੰ ਪੂਰਾ ਕਰਦੇ ਹਨ ਅਤੇ ਉਨ੍ਹਾਂ ਦੀ ਭਾਵਕ ਪਕੜ ਇਤਨੀ ਤੀਖਣ ਤੇ ਪ੍ਰਬਲ ਹੁੰਦੀ ਹੈ ਕਿ ਉਨ੍ਹਾਂ ਦੇ ਹੱਥ ਵਿੱਚ ਸਮਾਜਵਾਦੀ ਚਿੰਤਨ ਮਕਾਨਕੀ ਰੂਪ ਦਾ ਅਭਿਵਿਅੰਜਨ ਗ੍ਰਹਣ ਨਹੀਂ ਕਰਦਾ ਸਗੋਂ ਉਹ ਆਪਣੇ ਵਿਚਾਰਾਂ ਨੂੰ ਭਾਵਕ ਤਰਲਤਾ ਪ੍ਰਦਾਨ ਕਰਦੇ ਹਨ ਅਤੇ ਭਾਵਾਂ ਤੇ ਬੁੱਧੀ ਦਾ ਇਹ ਨਿਪੁੰਣ ਭਾਂਤ ਦਾ ਸੁਮੇਲ ਹੀ ਅਜ ਦੀਆਂ ਕਲਾਂ ਕ੍ਰਿਤੀਆਂ ਦਾ ਲਛਣ ਵਿਸ਼ੇਸ਼ ਹੈ।

ਮੰਚ ਦੇ ਪੱਖ ਤੋਂ ਅਜ ਦੇ ਨਾਟਕਕਾਰ ਮੰਚ ਦੀਆਂ ਲੋੜਾਂ ਚੰਗੀ ਤਰ੍ਹਾਂ ਸਮਝਣ ਦਾ ਜਤਨ ਕਰਦੇ ਹਨ। ਸੇਖੋਂ ਤੇ ਗਾਰਗੀ ਜਦ ਕਾਲੀਦਾਸ ਦੀਆਂ ਪ੍ਰਾਚੀਨ ਜਾਂ ਐਟਮ ਯੁਗ ਦੀਆਂ ਪੰਜਾਹ ਸਾਲ ਅਗਾਊਂ ਦੀਆਂ ਕਲਪਨਾਵਾਂ ਨੂੰ ਮੰਚ ਦੇ ਰੂਪ ਵਿੱਚ ਅਪਣਾ ਕੇ ਨਾਟਕ ਰਚ ਰਹੇ ਹਨ ਤਾਂ ਸੇਠੀ, ਘੁੰਮਣ, ਪ੍ਰਤੋਸ਼, ਜਸੂਜਾ ਤੇ ਹਰਸਰਨ ਕੁਛ ਐਸੇ ਨਾਟਕਕਾਰ ਹਨ, ਜਿਹੜੇ ਇਸ ਸੰਬੰਧ ਵਿੱਚ ਮੰਚ ਦੀਆਂ ਸਾਮਿਅਕ ਸੀਮਾਵਾਂ ਨੂੰ ਅਨੁਭਵ ਕਰਦੇ ਹੋਏ ਉਨ੍ਹਾਂ ਦੇ ਅਨੁਕੂਲ ਸਫ਼ਲ ਰਚਨਾਵਾਂ ਪੇਸ਼ ਕਰ ਰਹੇ ਹਨ। ਨਿਰਸੰਦੇਹ ਉਨ੍ਹਾਂ ਦਾ ਮੰਚ ਸੰਬੰਧੀ ਵਿਚਾਰ ਵਾਸਤਵਿਕ ਅਤੇ ਸਾਰਥਕ ਹੈ। ਕਈ ਨਾਟਕ ਉਨ੍ਹਾਂ ਦੇ ਐਸੇ ਹਨ, ਜਿਨ੍ਹਾਂ ਵਿੱਚ ਸਾਰੇ ਕਾਰਜ ਲਈ ਨ ਸਥਾਨ ਬਦਲਣ ਦੀ ਲੋੜ, ਨ ਸਮਾਂ ਬਦਲਣ ਦੀ ਅਤੇ ਕਈ ਵਾਰ ਨਾ ਦ੍ਰਿਸ਼ ਬਦਲਣ ਦੀ ਹੀ ਜ਼ਰੂਰਤ ਹੁੰਦੀ ਹੈ। ਝਾਕੀਆਂ ਦਾ ਪਸਾਰ ਨਹੀਂ ਹੁੰਦਾ ਤੇ ਨਾ ਹੀ ਅੰਕਾਂ ਦੀ ਹੀ ਬਹੁਤੀ ਗਿਣਤੀ ਹੁੰਦੀ ਹੈ। ਇਹ ਨਾਟਕ-ਕਾਰ ਆਪਣੇ ਵਿਸ਼ਯ ਵਿਚਾਰ ਨੂੰ ਬੜੇ ਥੋੜੇ ਪਾਤਰਾਂ ਰਾਹੀਂ ਸਿਰੇ ਚਾੜ੍ਹਨ ਦਾ ਜਤਨ ਕਰਦੇ ਹਨ, ਇਸ ਤਰ੍ਹਾਂ ਉਨ੍ਹਾਂ ਨੂੰ ਜਿਥੇ ਵਾਰਤਾਲਾਪ ਵਿੱਚ ਵਧੇਰੇ ਸੰਖੇਪਤਾ, ਸੁਘੜਤਾ ਅਤੇ ਚੁਸਤੀ ਦਾ ਸਬੂਤ ਦੇਣਾ ਪੈਂਦਾ ਹੈ, ਉਥੇ ਪ੍ਰਭਾਵ ਵਿੱਚ ਇਹ ਵਧੇਰੇ ਇਕਾਗਰਤਾ ਭਰ ਸਕਦੇ ਹਨ। ਦੁਗਲ ਦਾ "ਮਿੱਠਾ ਪਾਣੀ" ਅਤੇ ਸੇਠੀ ਦਾ "ਕੱਚਾ ਘੜਾ" ਇਸ ਸੰਬੰਧ ਵਿੱਚ ਚੰਗੇ ਉਦਾਹਰਣ ਹਨ।

ਬੋਲੀ ਦੇ ਸੰਬੰਧ ਵਿੱਚ ਇਹਨਾਂ ਨਵੇਂ ਲਿਖਣ ਵਾਲਿਆਂ ਵਿਚੋਂ ਬਹੁਤਿਆਂ ਵਿੱਚ ਨਿਪੁਣਤਾ ਦੀ ਘਾਟ ਹੈ। ਪੰਜਾਬੀ ਭਾਸ਼ਾ ਦੀ ਸ਼ੁਧਤਾ, ਠੇਠਤਾ, ਸਰਲਤਾ, ਸੁਭਾਵਕਿਤਾ ਅਤੇ ਮੁਹਾਵਰਿਆਂ ਦੀ ਜੜਤ ਜਿਵੇਂ ਇਹਨਾਂ ਦੀਆਂ ਰਚਨਾਵਾਂ ਵਿਚੋਂ ਵਿਲੁਪਤ ਹੋ ਗਈ ਹੈ। ਭਾਵੇਂ ਇਸਨੂੰ ਸਮੇਂ ਦਾ ਸੁਭਾਵਿਕ ਪ੍ਰਭਾਵ ਹੀ ਕਹਿਆਂ ਜਾਵੇ ਜਾਂ ਨਾਟਕਾਂ ਦੇ ਵਿਸ਼ਯਾਂ ਦੀ ਆਵਸ਼ਕਤਾ ਜਾਂ ਇਹਨਾਂ ਲੇਖਕਾਂ ਦਾ ਸ਼ਹਰੀ ਜੀਵਨ

ਅਨੁਭਵ ਜਾਂ ਨਿਕਟਤਾ ਹੋਵੇ, ਠੀਕ ਇਹ ਕਿ ਇਹਨਾਂ ਦੀ ਬੋਲੀ ਵਿੱਚ ਪੰਜਾਬੀ ਭਾਸ਼ਾ ਦੀ ਆਪਣੀ ਸੁਭਾਵਿਕਤਾ, ਲਹਿਜਾ, ਸੁਗੰਧੀ ਅਤੇ ਆਭਾ ਉਸ ਭਾਂਤ ਦੀ ਨਹੀਂ ਮਿਲਦੀ ਜਿਸ ਤਰ੍ਹਾਂ ਦੀ ਨੰਦਾ ਜਾਂ ਗਾਰਗੀ ਦਿਆਂ ਨਾਟਕਾਂ ਵਿਚੋਂ ਪ੍ਰਾਪਤ ਹੁੰਦੀ ਸੀ। ਇਸ ਸੰਬੰਧ ਵਿੱਚ ਹਰਸਰਨ ਸਿੰਘ, ਭੋਗਲ ਅਤੇ ਗੁਰਚਰਨ ਸਿੰਘ ਆਦਿ ਦੇ ਨਾਮ ਲਏ ਜਾ ਸਕਦੇ ਹਨ ।

ਆਧੁਨਿਕ ਨਾਟਕ ਦੇ ਕੁਝ ਇਕ ਮੁਖ ਲਛਣਾਂ ਦਾ ਉਚਿਤ ਸੰਖਿਪਤ ਵਿਵੇਚਨ ਅਧੂਰਾ ਰਹੇਗਾ ਜੇ ਮੈਂ ਇਹ ਸ੍ਵੀਕਾਰ ਨਾ ਕਰਾਂ ਕਿ ਪੰਜਾਬੀ ਨਾਟਕ ਵਿੱਚ ਹੁਣ ਤਕ ਇਹ ਜਤਨ ਪੰਜਾਬੀ ਨਾਟਕ ਨੂੰ ਕੋਈ ਵਿਸ਼ਿਸ਼ਟ ਪ੍ਰਾਪਤੀ ਨਹੀਂ ਕਰਵਾ ਸਕੇ। ਕੋਈ ਸੰਦੇਹ ਨਹੀਂ ਕਿ ਪੰਜਾਬੀ ਨਾਟਕ ਨੇ ਆਪਣੇ ਤੌਰ ਤੇ ਚੋਖਾ ਵਿਕਾਸ ਕੀਤਾ ਹੈ, ਇਸ ਵਿੱਚ ਵਿਸ਼ਯ ਵੰਨਗੀ, ਵਿਸ਼ਾਲਤਾ ਤੇ ਕੁਝ ਹਦ ਤਕ ਡੂੰਘਾਈ ਭੀ ਆਈ ਹੈ। ਕਲਾ ਅਤੇ ਤਕਨੀਕ ਵਿੱਚ ਵੰਨਗੀ ਆਈ ਹੈ। ਇਸ ਵਿੱਚ ਬੜੇ ਆਸ਼ਾ-ਜਨਕ ਪ੍ਰਯੋਗ ਹੋਏ ਹਨ ਅਤੇ ਹਾਲੀ ਹੋ ਰਹੇ ਹਨ ਪਰ ਸਮੁਚੇ ਰੂਪ ਵਿੱਚ ਪੰਜਾਬੀ ਨਾਟਕ ਨੇ ਕੋਈ ਅਸਾਧਾਰਣ ਅਤੇ ਉਤਕ੍ਰਿਸ਼ਟ ਭਾਂਤ ਦੀ ਪ੍ਰਾਪਤੀ ਨਹੀਂ ਕੀਤੀ। ਕਿਰਪਾ ਸਾਗਰ ਤੋਂ ਲੈ ਕੇ ਗੁਰਬਖਸ਼ ਸਿੰਘ ਤਕ, ਨੰਦੇ ਤੋਂ ਲੈ ਕੇ ਗਾਰਗੀ ਤਕ ਅਤੇ ਆਹੂਜਾ ਤੋਂ ਲੈ ਕੇ ਅਮਰੀਕ ਸਿੰਘ ਤਕ ਪੰਜਾਬੀ ਦੇ ਤ੍ਰਹਿੰਦੇ ਸੁਣੀਂਦੇ ਪ੍ਰਮੁਖ ਪੰਜਾਬੀ ਨਾਟਕਕਾਰਾਂ ਵਿਚੋਂ ਹਾਲੀ ਕਿਸੇ ਨੂੰ ਭੀ ਅਸੀਂ ਸੰਸਾਰ ਦੇ ਜਾਂ ਭਾਰਤ ਦੇ ਪਹਲੀ ਪਾਲ ਦੇ ਨਾਟਕਕਾਰਾਂ ਵਿੱਚ ਖਲੋਤਾ ਨਹੀਂ ਵੇਖਦੇ। ਇਨ੍ਹਾਂ ਦੀਆਂ ਅਤਿ-ਉਤਮ ਭਾਂਤ ਦੀਆਂ ਕੁਝ ਇਕ ਰਚਨਾਵਾਂ ਭੀ ਹੋਰਨਾਂ ਭਾਸ਼ਾਵਾਂ ਦੇ ਟਾਕਰੇ ਵਿੱਚ ਤੁੱਛ ਰਚਨਾਵਾਂ ਭਾਸਣਗੀਆਂ, ਤਾਂ ਭੀ ਕੁਝ ਨਾਟਕਕਾਰ ਐਸੇ ਹਨ ਜਿਨ੍ਹਾਂ ਤੋਂ ਸਾਨੂੰ ਇਹ ਆਸ ਬਝਦੀ ਹੈ ਕਿ ਉਹ ਆਪਣੀ ਪ੍ਰੌਢ ਆਯੂ ਵਿੱਚ ਜਾ ਕੇ ਕੁਝ ਇਕ ਰਚਨਾਵਾਂ ਅਜਿਹੀਆਂ ਦੇ ਸਕਣ ਜਿਹੜੀਆਂ ਪੰਜਾਬੀ ਨਾਟਕ ਨੂੰ ਪੰਜਾਬੀ ਕਵਿਤਾ ਤੇ ਕਹਾਣੀ ਵਾਂਗ ਹੀ ਹੋਰ ਸਾਹਿੱਤ ਵਿੱਚ ਗੌਰਵ-ਪੂਰਣ ਸਥਾਨ ਦਵਾ ਸਕਣਗੀਆਂ।

ਆਧੁਨਿਕਤਮ ਪੰਜਾਬੀ ਨਾਟਕ ਦੇ ਇਸ ਸੰਖਿਪਤ ਵਿਸ਼ਲੇਸ਼ਣ ਉਪਰੰਤ ਮੈਂ ਇਨ੍ਹਾਂ ਨਾਟਕਕਾਰਾਂ ਦੀ ਵਿਅਕਤਿਗਤ ਰੂਪ ਵਿੱਚ ਜਾਣ ਪਛਾਣ ਕਰਾਉਣ ਲਈ ਕੁਝ ਸ਼ਬਦ ਕਹਣੇ ਚਾਹਵਾਂਗਾ ।

ਸੁਰਜੀਤ ਸਿੰਘ ਸੇਠੀ ਨਵੇਂ ਨਾਟਕਕਾਰਾਂ ਵਿਚੋਂ ਇੱਕ ਸੰਭਾਵਨਾਵਾਂ ਭਰਪੂਰ ਨਾਟਕਕਾਰ ਹੈ। ਇਹ ਵੰਡ ਤੋਂ ਪਹਲਾਂ ਦਾ ਲਿਖ ਰਹਿਆ ਹੈ ਪਰ ੧੯੫੦ ਤੋਂ ਪਿਛੋਂ ਅਤੇ ਵਿਸ਼ੇਸ਼ ਕਰਕੇ ਪਿਛਲੇ ਪੰਜ ਕੁ ਸਾਲਾਂ ਵਿੱਚ ਇਸ ਦੀ ਕਲਾ ਨੇ ਸ਼ੀਘਰਤਾ-ਸਹਿਤ ਵਿਕਾਸ ਕੀਤਾ ਹੈ । ਨਾਟਕਾਂ ਦੇ ਖੇਤਰ ਵਿੱਚ ਇਸ ਨੇ 'ਕੱਚਾ ਘੜਾ' ਅਤੇ 'ਕਾਦਰਯਾਰ' ਨਾਲ ਅਸਲੋਂ ਹੀ ਨਵੇਂ ਪ੍ਰਯੋਗ ਕੀਤੇ ਹਨ, ਭਾਵੇਂ ਕਿ ਕਹਾਣੀ ਤੇ ਨਾਵਲ ਦੇ ਖੇਤਰ ਵਿੱਚ ਭੀ ਉਸਦੇ ਪ੍ਰਯੋਗ ਘਟ ਮਹਤ੍ਵ-ਪੂਰਣ

ਨਹੀਂ। 'ਕੱਚਾ ਘੜਾ' ਪੰਜਾਬੀ ਨਾਟਕ ਵਿੱਚ ਚੇਤਨਤਾ ਲਹਰ ਦੇ ਪ੍ਰਵੇਸ਼ ਅਤੇ ਪ੍ਰਯੋਗ ਦਾ ਪਹਲਾ ਸਫਲ ਜਤਨ ਹੈ, ਵਿਸ਼ੇਸ਼ ਤੌਰ ਤੇ ਉਸ ਦ੍ਰਿਸ਼ਟੀ ਤੋਂ ਕਿ ਸਾਡੇ ਨਾਟਕ ਦਾ ਕਾਰਜ ਖੇਤਰ ਪਾਤਰਾਂ ਦਾ ਅੰਦਰਲਾ ਜਗਤ ਹੈ ਅਤੇ ਸਾਮਾਜਿਕ ਸੰਸਕਾਰਾਂ ਅਤੇ ਸਥਿਤੀਆਂ ਨਾਲ ਉਹਨਾਂ ਦਾ ਸੰਘਰਸ਼ ਭਾਵਾਤਮਕ ਅਤੇ ਬੌਧਿਕ ਹੈ। ਇਸ ਨਾਟਕ ਦਾ ਸਾਰਾ ਕਾਰਜ, ਉਤਸੁਕਤਾ ਅਤੇ ਰੌਚਕਤਾ ਵਾਰਤਾਲਾਪ ਵਿੱਚ ਹੈ। ਵਾਰਤਾਲਾਪ ਦੇ ਮਾਧਿਅਮ ਨੂੰ ਆਪਣੇ ਵਿਸ਼ਯ ਦੇ ਨਿਭਾ ਲਈ ਜਿੰਨੀ ਪ੍ਰਵੀਣਤਾ ਨਾਲ ਸੇਠੀ ਨੇ ਇਸ ਨਾਟਕ ਵਿੱਚ ਵਰਤਿਆ ਹੈ ਓਨਾ ਸ਼ਾਇਦ ਕੋਈ ਹੋਰ ਨਾਟਕਕਾਰ ਹੁਣ ਤਕ ਨਹੀਂ ਵਰਤ ਸਕਿਆ। 'ਕੱਚਾ ਘੜਾ'' ਪੰਜਾਬੀ ਸਾਹਿੱਤ ਸਮੀਖਿਆ ਬੋਰਡ ਨੇ ਸਾਲ ੧੯੫੯ ਵਿੱਚ ਪ੍ਰਕਾਸ਼ਿਤ ਨਾਟਕਾਂ 'ਚੋਂ ਸਰਵੋਤਮ ਰਚਨਾ ਸ੍ਵੀਕਾਰ ਕੀਤੀ ਸੀ।

ਸੇਠੀ ਦਾ ਦੂਜਾ ਨਾਟਕ ''ਕਾਦਰਯਾਰ'' ਹੈ ਜਿਸ ਵਿੱਚ ਉਸਨੇ ਪੰਜਾਬੀ ਦੇ ਉੱਘੇ ਕਿੱਸੇ ਪੂਰਨ ਭਗਤ ਦੇ ਲੇਖਕ ਕਾਦਰਯਾਰ ਨੂੰ ਨਾਇਕ ਮਿਥ ਕੇ ਇੱਕ ਗੰਭੀਰ ਸਾਮਾਜਿਕ ਸਮੱਸਿਆ ਨੂੰ ਮਨੋਵਿਗਿਆਨਕ ਅਤੇ ਬੌਧਿਕ ਪੱਧਰ ਉੱਤੇ ਭਾਵਾਂ ਦੀ ਗੂੜ੍ਹੀ ਤਰਲਤਾ ਅਤੇ ਚਾਸ਼ਣੀ ਵਿੱਚ ਲਪੇਟ ਕੇ ਅਭਿਵਿਅਕਤ ਕੀਤਾ ਹੈ। ਇਸ ਤਰ੍ਹਾਂ ਉਸ ਨੇ ਸਮੱਸਿਆ ਨੂੰ ਜਿਥੇ ਆਧੁਨਿਕ ਅਤੇ ਵਾਸਤਵਿਕ ਦ੍ਰਿਸ਼ਟੀ ਤੋਂ ਵਾਚਿਆ ਹੈ, ਉਥੇ ਨਾਇਕ ਨੂੰ ਸਾਡੇ ਇਤਿਹਾਸ ਵਿਚੋਂ ਅਤੇ ਕਹਾਣੀ ਨੂੰ ਮਿਥਿਆਸ ਵਿਚੋਂ ਚੁਗ ਕੇ ਸਮੇਂ ਦੀਆਂ ਸਾਮਾਜਿਕ ਕਦਰਾਂ ਕੀਮਤਾਂ ਨੂੰ ਬੜੀ ਸਫਲਤਾ ਸਹਿਤ ਵਿਦਮਾਨ ਕੀਤਾ ਹੈ।

ਸੇਠੀ ਦਾ ਤੀਜਾ ਪੂਰਾ ਨਾਟਕ ''ਕਾਫ਼ੀ ਹਾਊਸ'' ਹੈ, ਜਿਸ ਵਿੱਚ ਉਸਨੇ ਬੰਬਈ ਅਤੇ ਸਾਡੇ ਕਰੂਪ ਸ਼ਹਰੀ ਜੀਵਨ ਦੇ ਪੱਖਾਂ ਨੂੰ ਉਲੀਕਿਆ ਹੈ ਪਰ ਲੇਖਕ ਦੀ ਆਪਣੀ ਨਜ਼ਰ ਜੀਵਨ ਦੇ ਰੌਸ਼ਨ ਪੱਖਾਂ ਦੀ ਢੂੰਡਾਊ ਰਹੀ ਹੈ।

ਪੂਰੇ ਨਾਟਕਾਂ ਤੋਂ ਬਿਨਾ ਉਸ ਨੇ ''ਪਰਦੇ ਪਿਛੇ'' ਤੇ ''ਚਲਦੇ ਫਿਰਦੇ ਬੁਤ'' ਨਾਮਕ ਦੋ ਇਕਾਂਗੀ ਸੰਗ੍ਰਹ ਭੀ ਦਿਤੇ ਹਨ, ਜਿਹੜੇ ਵਿਸ਼ਯ ਅਤੇ ਤਕਨੀਕ ਦੀ ਵੰਨਗੀ ਦੇ ਸੁੰਦਰ ਨਮੂਨੇ ਹਨ। ''ਦਸ ਇਕਾਂਗੀ'' ਨਾਮ ਦਾ ਇੱਕ ਇਕਾਂਗੀ ਸੰਗ੍ਰਹ ਉਸਨੇ ਸੰਪਾਦਿਤ ਭੀ ਕੀਤਾ ਹੈ। ਉਸ ਦੇ ਇਕਾਂਗੀ ''ਡਰਾਮਾ'' ਨੂੰ ਆਕਾਸ਼-ਵਾਣੀ ਦਵਾਰਾ ਹੋਏ ਮੁਕਾਬਲੇ ਵਿੱਚ ਪ੍ਰਥਮ ਪੁਰਸਕਾਰ ਪ੍ਰਾਪਤ ਹੋਇਆ ਸੀ। ਬੱਚਿਆਂ ਵਾਸਤੇ ਉਸ ਨੇ ਨਿੱਕੇ ਨਿੱਕੇ ਨਾਟਕ ਭੀ ਲਿਖੇ ਹਨ।

ਕਪੂਰ ਸਿੰਘ ਘੁੰਮਣ ਹੁਣ ਤਕ ਦੋ ਇਕਾਂਗੀ ਸੰਗ੍ਰਹ ''ਰੱਬ ਦੇ ਰੰਗ'' ਅਤੇ ''ਜ਼ੈਲਦਾਰ'' ਅਤੇ ਇੱਕ ਪੂਰਾ ਨਾਟਕ ''ਅਨਹੋਣੀ'' ਰਚ ਚੁਕਾ ਹੈ। ਘੁੰਮਣ ਨੇ ਭੀ ਜੀਵਨ ਦੇ ਬਹੁ ਭਾਂਤੀ ਵਿਸ਼ਯਾਂ ਨੂੰ ਆਪਣੇ ਨਾਟਕਾਂ ਵਿੱਚ ਥਾਂ ਦਿੱਤੀ ਹੈ,

ਜਿਸ ਤੋਂ ਉਸ ਦੀ ਦ੍ਰਿਸ਼ਟੀ ਦੀ ਵਿਸ਼ਾਲਤਾ ਦਾ ਪ੍ਰਮਾਣ ਮਿਲਦਾ ਹੈ। ਉਸਦੀ ਨੀਝ ਵਿਸ਼ਲੇਸ਼ਣਾਤਮਕ ਅਤੇ ਵਿਅੰਗਾਤਮਕ ਹੈ ਪਰ ਉਸ ਵਿੱਚ ਡੂੰਘਾਈ ਬਹੁਤੀ ਨਹੀਂ ਹੁੰਦੀ। ਰੰਗ ਮੰਚ ਦੀਆਂ ਸੀਮਾਵਾਂ ਅਤੇ ਆਵਸ਼ਕਤਾਵਾਂ ਨੂੰ ਉਹ ਸਮਝਦਾ ਹੈ ਅਤੇ ਉਨ੍ਹਾਂ ਦੇ ਅਨੁਕੂਲ ਹੀ ਉਹ ਨਾਟਕ ਰਚਨਾ ਕਰਦਾ ਹੈ। ਉਹ ਆਪ ਕਹਿੰਦਾ ਹੈ ਕਿ ਮੰਚ ਉੱਤੇ ਪੂਰਾ ਨਾ ਉੱਤਰ ਸਕਣ ਵਾਲਾ ਨਾਟਕ ਸਫਲ਼ ਨਹੀਂ ਕਹਿਆ ਜਾ ਸਕਦਾ। ਪੰਜਾਬੀ ਦੇ ਕੁਝ ਇੱਕ "ਪ੍ਰਮੁਖ" ਨਾਟਕਕਾਰਾਂ ਵਿੱਚ ਮੰਚ ਦੇ ਛਿਦਰਾਂ ਨੂੰ ਉਹ ਉਨ੍ਹਾਂ ਦੀ ਬਹੁਤ ਕਚਿਆਈ ਮੰਨਦਾ ਹੈ. ਉਸਨੇ ਪੇਂਡੂ ਅਤੇ ਸ਼ਹਰੀ ਜੀਵਨ ਦੋਹਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਯ ਬਣਾਇਆ ਹੈ। ਬੋਲੀ ਉਸ ਦੀ ਸ਼ਲਾਘਾ ਯੋਗ ਹੈ। ਨਾਟਕੀਅਤਾ ਦੇ ਤੱਤ੍ਵ ਉਸ ਦੀਆਂ ਰਚਨਾਵਾਂ ਵਿੱਚ ਚੋਖੇ ਮਿਲ ਜਾਂਦੇ ਹਨ। ਨੰਦਾ, ਹਰਚਰਨ ਸਿੰਘ ਅਤੇ ਗਾਰਗੀ ਤੋਂ ਉਪਰਾਂਤ ਇਸਦੇ ਨਾਟਕਾਂ ਨੂੰ ਮੰਚ ਤੇ ਆਉਣ ਦਾ ਚੋਖਾ ਅਵਸਰ ਪ੍ਰਾਪਤ ਹੋਇਆ ਹੈ ਅਤੇ ਜਿੰਨੀ ਵਾਰੀ ਇਹ ਨਾਟਕ ਖੇਡੇ ਗਏ ਹਨ, ਸਫਲ ਰਹੇ ਹਨ। "ਅਨਹੋਣੀ" ਨਾਟਕ ਨੂੰ ਮੰਚ ਤੋਂ ਵਿਸ਼ੇਸ਼ ਸਫਲਤਾ ਪ੍ਰਾਪਤ ਹੋਈ ਹੈ। ਇਸ ਨਾਟਕ ਵਿੱਚ ਘੁੰਮਣ ਨੇ ਪੁਰਸ਼ ਪ੍ਰਧਾਨ ਸਮਾਜ ਵਿੱਚ ਇਸਤਰੀ ਦੀ ਸਾਹਸ ਅਤੇ ਸਾਧਨ-ਰਹਤ ਦਸ਼ਾ ਦਾ ਚੰਗਾ ਵਰਣਨ ਕੀਤਾ ਹੈ, ਪਰੰਤੂ ਭਾਰਤੀ ਇਸਤਰੀ ਦਾ ਰਵਾਇਤੀ ਆਦਰਸ਼ਵਾਦ ਇਥੇ ਭੀ ਵਿਆਪਕ ਹੈ। ਇਸਦੇ ਨਾਟਕਾਂ ਵਿੱਚ ਮਨੋਵਿਗਿਆਨਕ ਛੋਹਾਂ ਹੁੰਦੀਆਂ ਹਨ ਪਰ ਸਿਖਰ, ਟਕਰ ਅਤੇ ਗੁੰਝਲ ਘਟਨਾਵਾਂ ਰਾਹੀਂ ਹੀ ਉਸਰਦੀ ਹੈ।

ਗੁਰਚਰਨ ਸਿੰਘ ਜਸੂਜਾ ਸ਼ਹਰੀ ਮਧ ਸ਼੍ਰੇਣੀ ਦੇ ਜੀਵਨ ਦੇ ਭਿੰਨ ਭਿੰਨ ਪੱਖਾਂ ਨੂੰ ਨਾਟਕੀ ਰੂਪ ਵਿੱਚ ਵਿਅੰਗਾਤਮਕ ਸ਼ੈਲੀ ਰਾਹੀਂ ਚਿਤ੍ਰਣ ਵਾਲਾ ਇੱਕ ਸਫ਼ਲ ਨਾਟਕਕਾਰ ਹੈ। ਵਾਰਤਾਲਾਪ ਵਿੱਚ ਇਸਨੂੰ ਵਿਸ਼ੇਸ਼ ਸਫਲਤਾ ਪ੍ਰਾਪਤ ਹੋਈ ਹੈ। ਸ਼ਹਰੀ ਜੀਵਨ ਦੇ ਕਈ ਇੱਕ ਪੱਖ ਅਤੇ ਸਮਸਿਆਵਾਂ ਪਹਲੀ ਵਾਰ ਇਸ ਦੇ ਨਾਟਕਾਂ ਰਾਹੀਂ ਪੰਜਾਬੀ ਨਾਟਕ ਜਗਤ ਵਿੱਚ ਪ੍ਰਵਿਸ਼ਟ ਹੋਈਆਂ ਹਨ। ਉਸਦਾ ਪਹਲਾ ਇਕਾਂਗੀ ਸੰਗ੍ਰਿਹ "ਗਊ ਮੁਖਾ ਸ਼ੇਰ ਮੁਖਾ" ਨਾਂ ਦੇ ਇਕਾਂਗੀ ਨੂੰ ਰੇਡਿਉ ਦ ਨਾਟਕ ਮੁਕਾਬਲੇ ਵਿੱਚ ਪਹਲਾ ਇਨਾਮ ਭੀ ਪ੍ਰਾਪਤ ਹੋਇਆ ਸੀ।

ਇਸਦਾ ਪੂਰਾ ਨਾਟਕ "ਮਕੜੀ ਦਾ ਜਾਲਾ" ਹੈ, ਜਿਸ ਵਿੱਚ ਇਸ ਨੇ ਵੱਡੀਆਂ ਸਨਅਤਾਂ ਦੇ, ਜਿਹੜੀਆਂ ਵਿਗਿਆਨ ਦੇ ਵਿਕਾਸ ਨਾਲ ਵਿਕਸਿਤ ਹੋਈਆਂ ਹਨ ਅਤੇ ਜਿਨ੍ਹਾਂ ਉੱਤੇ ਪੂੰਜੀ ਪਤੀਆਂ ਦਾ ਹੀ ਅਧਿਕਾਰ ਹੈ, ਛੋਟੀਆਂ ਸਨਅਤਾਂ ਉੱਤੇ ਹੋਣ ਵਾਲੇ ਮਾਰੂ ਅਸਰ ਨੂੰ ਉਲੀਕਿਆ ਹੈ। ਸਨਅਤੀ ਸ਼੍ਰੇਣੀਆਂ ਦੇ ਪਰਸਪਰ ਸੰਬੰਧਾਂ ਨੂੰ ਵਾਸਤਵਿਕ ਰੂਪ ਵਿੱਚ ਚਿਤ੍ਰਣ ਵਾਲਾ ਸ਼ਇਦ ਇਹ ਉਸ ਵੇਲੇ ਤਕ ਲਿਖਿਆ ਪਹਲਾ ਪੰਜਾਬੀ ਨਾਟਕ ਹੈ।

ਜਸੂਜਾ ਵਿੱਚ ਵਡਾ ਗੁਣ ਉਸ ਦੀ ਪਾਤਰਾਂ ਅਨੁਕੂਲ ਰਵਾਂ ਬੋਲੀ ਹੈ। ਇਹ

ਇੱਕ ਲਗਨ ਵਾਲਾ ਲੇਖਕ ਹੈ ਅਤੇ ਨਿੱਗਰ ਵਿਚਾਰਾਂ ਵਾਲਾ ਵਿਅਕਤੀ ਹੈ । ਇਸ ਦਾ ਜਨਮ ੧ ਮਈ ੧੯੨੫ ਨੂੰ ਅੰਮ੍ਰਿਤਸਰ ਵਿੱਚ ਹੋਇਆ। ਉਕਤ ਪੁਸਤਕਾਂ ਤੋਂ ਬਿਨਾ ਇਸ ਨੇ "ਪੰਜਾਬੀ ਸਾਹਿੱਤਕਾਰ' ਨਾਂ ਦੀ ਇੱਕ ਆਲੋਚਨਾ ਪੁਸਤਕ ਭੀ ਲਿਖੀ ਹੈ । ਕੁਝ ਪਤਰਾਂ ਵਿੱਚ ਇਹ ਸੰਪਾਦਕ ਦੇ ਤੌਰ ਤੇ ਭੀ ਕੰਮ ਕਰਦਾ ਰਹਿਆ ਹੈ ।

ਪਿਆਰਾ ਸਿੰਘ ਭੋਗਲ ਹੁਣ ਤਕ ਦੋ ਇਕਾਂਗੀ ਸੰਗ੍ਰਹ "ਧਨਿ ਪਿਰ" ਅਤੇ "ਦਿਨ ਰਾਤ" ਅਤੇ ਦੋ ਪੂਰੇ ਨਾਟਕ "ਸਿਆੜ" ਅਤੇ "ਆਪੇ ਕਾਜ ਸਵਾਰੀਏ" ਲਿਖ ਚੁੱਕਾ ਹੈ । ਭੋਗਲ ਦੇ ਵਿਸ਼ਯ ਮੁਖ ਰੂਪ ਵਿੱਚ ਪੇਂਡੂ ਹਨ, ਵਿਸ਼ੇਸ਼ ਕਰ ਕੇ "ਸਿਆੜ" ਵਿੱਚ ਉਸ ਨੇ ਸਾਡੇ ਪੇਂਡੂ ਸਮਾਜ ਦੀ ਇੱਕ ਗੰਭੀਰ ਸਮੱਸਿਆ ਨੂੰ ਆਪਣਾ ਵਿਸ਼ਯ ਬਣਾਇਆ ਹੈ । ਪ੍ਰੋ: ਮੋਹਨ ਸਿੰਘ ਦੇ ਸ਼ਬਦਾਂ ਵਿੱਚ ਭੋਗਲ ਦਾ ਦ੍ਰਿਸ਼ਟਿਕੋਣ, ਬੁੱਧੀਵਾਦੀ ਅਤੇ ਚੇਤਨਾਵਾਦੀ ਹੈ, ਪਰ ਬੁਧੀ ਤੇ ਭਾਵਨਾ ਵਿੱਚ ਸੰਤੁਲਨ ਪੈਦਾ ਕਰ ਸਕਣ ਦੇ ਕਾਰਣ, ਜਿਸ ਨੂੰ ਦੂਜੇ ਸ਼ਬਦਾਂ ਵਿੱਚ ਕਲਾ ਕਹਿਆ ਜਾਂਦਾ ਹੈ, ਇਸ ਦੀ ਲਿਖਤ ਰੁੱਖੀ, ਓਪਰੀ ਅਤੇ ਬਾਹਰੋਂ ਲਿਆਂਦੀ ਜਿਹੀ ਨਹੀਂ ਬਣੀ ਸਗੋਂ ਇਸ ਵਿੱਚੋਂ ਇੱਕ ਸਾਦਾ ਜੇਹਿਆ ਰਸ ਤੇ ਜਾਣਿਆ ਪਛਾਣਿਆਂ ਸੁਹਜ ਨਜ਼ਰ ਆਉਂਦਾ ਹੈ ।

ਭੋਗਲ ਦੇ ਨਾਟਕਾਂ ਵਿੱਚ ਵਿਸ਼ੇਸ਼ ਕਰ ਕੇ ਇਕਾਂਗੀਆਂ ਵਿੱਚ ਸਾਧਾਰਣ ਭਾਂਤ ਦੀਆਂ ਘਰੇਲੂ ਸਮੱਸਿਆਵਾਂ ਦੀ ਪ੍ਰਧਾਨਤਾ ਹੈ । ਪਿੰਡਾਂ ਤੋਂ ਉਪਰਾਂਤ ਉਸ ਨੇ ਸ਼ਹਰੀ ਜੀਵਨ ਨੂੰ ਭੀ ਚਿਤਰਿਆ ਹੈ, ਉਸ ਜੀਵਨ ਨੂੰ ਜਿਹੜਾ ਅਵਿਦ ਮਹੱਲਾਦਾਰੀ ਜੀਵਨ ਹੈ ਤੇ ਜਿਸ ਨੂੰ ਨੇੜੇ ਹੋ ਕੇ ਵੇਖਣ ਦਾ ਉਸ ਨੂੰ ਵਧੇਰੇ ਅਵਸਰ ਪ੍ਰਾਪਤ ਹੋਇਆ ਹੈ । ਇਸ ਜੀਵਨ ਦੀ ਵਿਆਖਿਆ ਭੋਗਲ ਇੱਕ ਜਾਗੇ ਹੋਏ ਲੇਖਕ ਵਾਂਗ ਕਰਦਾ ਹੈ । ਇਸ ਨੇ ਇੱਕ ਛੋਟਾ ਨਾਟਕ "ਲੋਕ ਰਾਜ" ਭੀ ਲਿਖਿਆ ਹੈ । ਭੋਗਲ ਦੇ ਨਾਟਕਾਂ ਨੂੰ ਮੰਚ ਦੀ ਛੁਹ ਹਾਲੀ ਵਧੇਰੇ ਪ੍ਰਾਪਤ ਨਹੀਂ ਹੋਈ ।

ਨਾਟਕਾਂ ਤੋਂ ਛੁਟ ਭੋਗਲ ਨੇ ਆਲੋਚਨਾ ਦੀ ਇੱਕ ਪੁਸਤਕ "ਪੰਜਾਬੀ ਕਾਵਿ ਦੇ ਸੋਮਾਲ" ਭੀ ਲਿਖੀ ਹੈ । ਉਹ ਕਹਾਣੀਆਂ ਭੀ ਲਿਖਦਾ ਹੈ ਤੇ ਕਦੇ ਕਦੇ ਕਵਿਤਾ ਭੀ। ਨਾਟਕਾਂ ਅਤੇ ਕਹਾਣੀਆਂ ਵਿੱਚ ਪ੍ਰਧਾਨਤਾ ਬਾਹਰਵਰਤੀ ਘਟਨਾਵਾਂ ਦੀ ਹੁੰਦੀ ਹੈ ।

ਹਰਸਰਨ ਸਿੰਘ ਹੁਣ ਤਕ ਦੋ ਪੂਰੇ ਨਾਟਕ "ਜਿਗਰਾ" ਅਤੇ "ਫੁਲ ਕੁਮਲਾ ਗਇਆ" ਲਿਖ ਚੁਕਾ ਹੈ । "ਜੋਤ ਤੋਂ ਜੋਤ ਜਗੇ" ਇਸਦਾ ਇਕਾਂਗੀ ਸੰਗ੍ਰਹ ਹੈ । ਹਰਸਰਨ ਸਿੰਘ ਦਾਅਵਾ ਕਰਦਾ ਹੈ ਕਿ ਉਹ ਪ੍ਰਗਤਿਵਾਦੀ ਅਥਵਾ ਅਗਾਂਹ ਵਧੂ ਨਾਟਕਕਾਰ ਹੈ ਪਰ ਉਸ ਦੀਆਂ ਰਚਨਾਵਾਂ ਵਿਚੋਂ ਇਹ ਤਤ੍ਰ ਪ੍ਰੌਢ ਅਤੇ

ਕਲਾ-ਯੁਕਤ ਅਥਵਾ ਪਾਤਰਾਂ ਦੇ ਕਰਮ ਵਿੱਚੋਂ ਗੂੜ੍ਹੇ ਰੂਪ ਵਿੱਚ ਉਭਰਦੇ ਨਜ਼ਰ ਨਹੀਂ ਆਉਂਦੇ ਹਰਸਰਨ ਸਿੰਘ ਦੇ ਨਾਟਕਾਂ ਦਾ ਗੁਣ ਵਿਸ਼ੇਸ ਇਨ੍ਹਾਂ ਵਿੱਚ ਪ੍ਰਾਪਤ ਕਹਾਣੀ ਰਸ ਹੈ ਅਤੇ ਨਾਟਕੀ ਲਟਕਾਉ ਹੈ। ਹਰਸਰਨ ਸਿੰਘ ਕੀ ਹੋਇਆ ਤੇ ਕਿਵੇਂ ਹੋਇਆ ? ਦੇ ਵਰਣਨ ਵਿੱਚ ਨਿਪੁਣ ਹੈ। ਨਾਟਕੀ ਮੌਕੇ ਭੀ ਕਈ ਥਾਂ ਬੜੀ ਚੰਗੀ ਤਰ੍ਹਾਂ ਮੇਲ ਦੇਂਦਾ ਹੈ। ਉਸ ਦੇ ਨਾਟਕਾਂ ਵਿੱਚ ਪ੍ਰਧਾਨਤਾ ਸ਼ਹਰੀ ਜੀਵਨ ਦੀ ਹੈ ਅਤੇ ਇਸ ਵਿੱਚ ਪਾਤਰ ਉਹ ਹੇਠਲੀ ਮਧ ਸ਼੍ਰੇਣੀ ਜਾਂ ਕਲਰਕ ਅਤੇ ਅਧਿਆਪਕ ਵਰਗ ਵਿੱਚੋਂ ਲੈਂਦਾ ਹੈ ਕਿਉਂਕਿ ਨਿਜੀ ਰੂਪ ਵਿੱਚ ਉਸਨੂੰ ਇਨ੍ਹਾਂ ਸ਼੍ਰੇਣੀਆਂ ਦਾ ਵਾਸਤਵਿਕ ਅਨੁਭਵ ਹੈ।

ਉਸਦੇ ਇਕਾਂਗੀਆਂ ਵਿੱਚੋਂ "ਇੱਕ ਵਿਚਾਰੀ ਮਾਂ" ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਉਪ-ਭਾਵਕ ਪੱਧਰ ਉੱਤੇ ਪੇਸ਼ ਕਰਦਾ ਹੈ ਅਤੇ "ਜੋਤ ਤੋਂ ਜੋਤ ਜਗੇ" ਰਾਸ਼ਟਰਵਾਦੀ ਭਾਵਨਾ ਦਾ ਯਥਾਰਥਕ ਪੱਧਰ ਪਰ ਭਾਵਕ ਤਰਲਤਾ ਵਿੱਚ ਲਿਖਿਆ ਇਕਾਂਗੀ ਹੈ। ਦੋਹਾਂ ਸੰਪੂਰਣ ਨਾਟਕਾਂ ਵਿੱਚੋਂ "ਜਿਗਰਾ" ਦੀ ਸਮੱਸਿਆ ਵਧੇਰੇ ਬਲ ਵਾਲੀ ਹੈ। ਇਸ ਵਿੱਚ ਉਸ ਨੇ ਪਤਨੀ ਦੀ ਜਿਨਸੀ ਅਪਵਿਤ੍ਰਤਾ ਦੀ ਸਮੱਸਿਆ ਨੂੰ ਲਇਆ ਹੈ ਅਤੇ ਉਸ ਵਿੱਚ ਪਤੀ ਨੂੰ ਪਤਨੀ ਦੀ ਇਸ ਅਵੱਗਿਆ ਨੂੰ ਖਿਮਾਂ ਕਰਨ ਦਾ "ਜਿਗਰਾ" ਕਰਦਿਆਂ ਵਿਖਾਇਆ ਹੈ।

"ਫੁਲ ਕੁਮਲਾ ਗਇਆ" ਵਿੱਚ ਉਸ ਨੇ ਅੱਜ ਦੇ ਸਮਾਜ ਵਿੱਚ ਇਸਤਰੀ ਵੱਲੋਂ ਲਈ ਜਾ ਰਹੀ ਸਾਮਾਜਿਕ ਖੁਲ੍ਹ ਅਤੇ ਨਿਸੰਗਤਾ ਦੀ ਸਮੱਸਿਆ ਲਈ ਹੈ, ਜਿਸ ਵਿੱਚ ਉਸ ਨੇ ਇੱਕ ਖੁਲ੍ਹ-ਖਿਆਲੀ ਇਸਤਰੀ ਨੂੰ ਪੁਰਸ਼ ਸਮਾਜ ਦੀਆਂ ਲੁਕੀਆਂ ਲਿੰਗ-ਰੁਚੀਆਂ ਦੇ ਸੇਕ ਵਿੱਚ ਕੁਮਲਾਂਦਾ ਵਿਖਾਇਆ ਹੈ।

ਹਰਸਰਨ ਸਿੰਘ ਦਾ ਇਕਾਂਗੀ "ਅਣਭਿਜ" ਰੇਡਿਓ ਮੁਕਾਬਲੇ ਵਿੱਚ ਅਤੇ ਇਸ ਦਾ ਇਕਾਂਗੀ ਸੰਗ੍ਰਹ "ਜੋਤ ਤੋਂ ਜੋਤ ਜਗੇ" ਅਤੇ ਪੂਰਾ ਨਾਟਕ 'ਜਿਗਰਾ" ਪੰਜਾਬ ਸਰਕਾਰ ਵੱਲੋਂ ਪੁਰਸਕਾਰ ਪ੍ਰਾਪਤ ਕਰ ਚੁੱਕੇ ਹਨ। ਹਰਸਰਨ ਸਿੰਘ ਦਾ ਜਨਮ ਫ਼ਰਵਰੀ ੧੯੨੯ ਨੂੰ ਗੁਜਰਖਾਨ, ਰਾਵਲਪਿੰਡੀ ਵਿੱਚ ਹੋਇਆ।

ਪ੍ਰਤੋਸ਼ ਗਾਰਗੀ ਪਿਛਲੇ ਪੰਜਾਂ ਵਰ੍ਹਿਆਂ ਵਿੱਚ ਪੰਜਾਬੀ ਸਾਹਿੱਤ ਵਿੱਚ ਪ੍ਰਵਿਸ਼ਟ ਨਵਾਂ ਨਾਟਕਕਾਰ ਹੈ। ਉਹ ਦੋ ਨਾਟਕ ਪੰਜਾਬੀ ਜਗਤ ਨੂੰ ਦੇ ਚੁੱਕਾ ਹੈ। "ਪਰਛਾਵੇਂ" ਅਤੇ "ਛਲੇਡਾ"। ਉਸ ਦਾ ਸਜਰਾ ਨਾਟਕ 'ਛਲੇਡਾ' ਹੈ ਜੋ ਵਧੇਰੇ ਧਿਆਨ ਦਾ ਪਾਤਰ ਹੈ। ਇਸ ਨਾਟਕ ਵਿੱਚ ਮੱਧ-ਸ਼੍ਰੇਣੀ ਦੇ ਇੱਕ ਵਪਾਰੀ ਪਰਿਵਾਰ ਦਾ ਜੀਵਨ ਤੇ ਪਿਆਰ ਪ੍ਰਤੀ ਪਹੁੰਚ ਅਤੇ ਸੋਚਣੀ ਨੂੰ ਚਿੰਨ੍ਹਾਤਮਕ ਸ਼ੈਲੀ ਰਾਹੀਂ ਪ੍ਰਗਟ ਕੀਤਾ ਗਇਆ ਹੈ ਜਿਹੜੀ ਕਈ ਥਾਵਾਂ ਉੱਤੇ ਏਨੀ ਗੂੜ੍ਹੀ ਹੋ ਗਈ ਹੈ ਕਿ ਉਹ ਕਾਰਜ ਨੂੰ ਸਪਸ਼ਟ ਕਰਨ ਦੀ ਥਾਂ ਧੁੰਦਲਾ ਕਰ ਦੇਂਦੀ ਹੈ।

ਪ੍ਰਤੋਸ਼ ਗਾਰਗੀ ਕੋਲ ਬੋਲੀ ਸਰਲ ਤੇ ਸੁਭਾਵਿਕ ਹੈ। ਉਸ ਵਿੱਚ ਮਲਵਈ ਭਾਸ਼ਾ ਦਾ ਰੰਗ ਹੈ, ਜਿਹੜੀ ਪਾਤਰਾਂ ਅਨੁਕੂਲ ਕਈ ਥਾਂ ਬੜੀ ਸੋਹਣੀ ਫਬਦੀ ਹੈ। ਪ੍ਰਤੋਸ਼ ਦੀ ਵਾਕ ਬਣਤਰ ਚੁਸਤ ਹੈ ਅਤੇ ਵਾਰਤਾਲਾਪ ਕਲਾਤਮਕ ਅਤੇ ਨਾਟਕੀ ਹਨ। ਮੰਚ ਦੀ ਦ੍ਰਿਸ਼ਟੀ ਤੋਂ ਉਸ ਦੇ ਨਾਟਕ ਕਾਫੀ ਸਫ਼ਲ ਹੋਏ ਹਨ ਅਤੇ ਦਰਸ਼ਕਾਂ ਅਤੇ ਆਲੋਚਕਾਂ ਵਲੋਂ ਪ੍ਰਸ਼ੰਸਾ ਪ੍ਰਾਪਤ ਕਰ ਚੁੱਕੇ ਹਨ।

ਰਾਜਿੰਦਰ ਸਿੰਘ ਬਲ ਹੁਣ ਤਕ ਦੋ ਇਕਾਂਗੀ ਸੰਗ੍ਰਹ 'ਸਾਜਨ ਟੁਰ ਗਏ' ਅਤੇ 'ਸਹਿਕਦੀ ਲੋਅ' ਦੇ ਚੁਕਾ ਹੈ। ਬਲ ਸੰਖਿਪਤ ਅਤੇ ਸੁਬਕ ਜੇਹਾ ਵਾਰਤਾਲਾਪ ਘੜਦਾ ਹੈ ਅਤੇ ਸਾਧਾਰਣ ਜੀਵਨ ਦੀਆਂ ਸਮੱਸਿਆਵਾਂ ਨੂੰ ਹਲਕੇ ਫੁਲ ਨਾਟਕੀ ਰੂਪ ਵਿੱਚ ਚਿਤਰ ਜਾਂਦਾ ਹੈ।

ਜਗਦੀਸ਼ ਸਿੰਘ ਵੋਹਰਾ ਦੀਆਂ ਦੋ ਕਿਰਤਾਂ 'ਜੀਵਨ ਦੇ ਮੋੜ ਤੇ' ਅਤੇ 'ਨਵੀਂ ਦੁਨੀਆਂ ਨਵੇਂ ਰਾਹ' ਅਤੇ ਗੁਰਬਖਸ਼ ਰਾਏ ਸਾਹਿਰ ਦੇ ਇਕਾਂਗੀ 'ਇੰਦਰ ਧਨੁਸ਼' ਬਚਿਆਂ ਲਈ ਭੀ ਇਸੇ ਦਹਾਕੇ ਵਿੱਚ ਰਚੇ ਗਏ ਹਨ। ਬਲਬੀਰ ਮੋਮੀ ਦੀ ਰਚਨਾ 'ਨੌਕਰੀਆਂ ਹੀ ਨੌਕਰੀਆਂ' ਅਤੇ ਪਾਂਧੀ ਨਨਕਾਣਵੀਂ ਦਾ 'ਮੱਛ ਤੇ ਮੱਛੀ' ਇਕਾਂਗੀ ਸੰਗ੍ਰਹ ੧੯੬੦ ਵਿੱਚ ਹੀ ਪ੍ਰਕਾਸ਼ਿਤ ਹੋਈਆਂ ਕਿਰਤਾਂ ਹਨ ਅਤੇ ਉਹਨਾਂ ਦੇ ਉਜਲੇ ਭਵਿੱਖ ਦੀਆਂ ਸੂਚਕ ਹਨ।

ਤੇਰਾ ਸਿੰਘ ਚੰਨ ਦੇ ਕੁਝ ਇਕ ਛੋਟੇ ਗੀਤ-ਨਾਟ 'ਅਮਰ ਪੰਜਾਬ' ਦੀ ਇਕ ਛੋਟੀ ਜੇਹੀ ਪੁਸਤਕ ਵਿੱਚ ਪ੍ਰਕਾਸ਼ਿਤ ਹੋਏ ਹਨ। ਇਹ ਪੰਜਾਬੀ ਨਾਟਕ ਵਿੱਚ ਇੱਕ ਵਖਰੇ ਭਾਂਤ ਦੀ ਵੰਨਗੀ ਦੇ ਸੂਚਕ ਹਨ। ਕੁਝ ਨਾਟਕ ਚਲੰਤ ਭਾਂਤ ਦੀਆਂ ਰਾਜਸੀ ਸਮਸਿਆਵਾਂ ਦਾ ਪ੍ਰਚਾਰ-ਮੁਖੀ ਅਭਿਵਿਅੰਜਨ ਬਣ ਕੇ ਰਹ ਗਏ ਹਨ। ਚੰਨ ਮੂਲ ਰੂਪ ਵਿੱਚ ਇੱਕ ਰਾਜਸੀ ਵਰਕਰ, ਕਵੀ ਤੇ ਗੀਤਕਾਰ ਹੈ। ਉਸਦੇ ਨਾਟਕ ਇਸੇ ਮਨੋਰਥ ਪ੍ਰਾਪਤੀ ਦੀ ਲੋੜ ਵਜੋਂ ਪੁੰਗਰੇ ਹਨ। ਪਰ ਉਸਦੀ ਕਾਵਿ ਕੁਸ਼ਲਤਾ ਵਿੱਚ ਜੋ ਬਲ ਤੇ ਸੁਹਜ ਹੈ ਉਹ ਇਨ੍ਹਾਂ ਗੀਤ-ਨਾਟਾਂ ਵਿੱਚ ਭੀ ਵਿਦਮਾਨ ਹੈ ਅਤੇ ਇਨ੍ਹਾਂ ਨੂੰ ਕਲਾ ਦਾ ਰੰਗ ਪ੍ਰਦਾਨ ਕਰਦਾ ਹੈ।

——


**ਆਲੋਚਨਾ**

**ਦੇ ਆਪ ਗਾਹਕ ਬਣੋ**

**ਤੇ**

**ਹੋਰਨਾਂ ਨੂੰ ਬਣਨ ਲਈ ਪਰੇਰੋ।**

# ਹਰਸਾ ਸਿੰਘ ਜੀ 'ਚਾਤਰ'

[ ਜੀਵਨ ਤੇ ਕਵਿਤਾ ]

"ਇਹ ਪੰਜਾਬ ਗ਼ੁਲਾਮ ਨ ਰਹੇ ਤੇਰਾ,
ਜੇ ਕਰ ਮਰੇਂ ਪੰਜਾਬ ਦੀ ਸ਼ਾਨ ਉੱਤੇਂ।
ਸਦਾ ਵਾਸਤੇ ਜੀਵਨਾ ਚਾਹੇ ਜੇ ਕਰ,
ਕਰਦੇ ਜਾਨ ਕੁਰਬਾਨ ਜ਼ਬਾਨ ਉੱਤੇ।"

'ਚਾਤਰ' ਜੀ ਦੀਆਂ ਅੱਜ ਤੋਂ ਪੰਜੀ ਸਾਲ ਪਹਲਾਂ ਦੀਆਂ ਜਦ ਇਹ ਤੁਕਾਂ ਯਾਦ ਆਉਂਦੀਆਂ ਹਨ ਤਾਂ ਸੰਘਰਸ਼ ਦਾ ਇੱਕ ਸੁਨਹਰੀ ਸਮਾਂ, ਅੱਖਾਂ ਸਾਹਮਣੇ ਆ ਕੇ ਜੀਵਨ ਨੂੰ ਸਵਾਦ-ਸਵਾਦ ਕਰ ਜਾਂਦਾ ਹੈ। ਬਿਦੇਸ਼ੀ-ਹਕੂਮਤ ਨਾਲ ਸੰਗ੍ਰਾਮ, ਅਜ਼ਾਦੀ ਲਈ ਘੋਲ ਤੇ ਦੂਸਰੇ ਪਾਸੇ ਮਾਤ-ਭਾਸ਼ਾ ਦੀ ਉੱਨਤੀ ਲਈ ਸੰਘਰਸ਼। ਜਲਸਿਆਂ ਦੀ ਗਹਮਾ-ਗਹਮੀ, ਕਵੀ ਦਰਬਾਰਾਂ ਦਾ ਜ਼ੋਰ, ਜਲੂਸਾਂ ਦੀ ਰੌਣਕ, ਸਾਰੀ ਕੌਮ ਅਦਰ ਨਵ-ਜੀਵਨ ਦਾ ਸੰਚਾਰ, ਹਰਕਤ ਤੇ ਅਮਲ, ਇਹ ਸੀ ਭਾਰਤ ਵਾਸੀਆਂ ਦੇ ਕਰਮ ਦਾ ਸੁਨਹਰੀ ਯੁੱਗ।

ਬਸੰਤ ਰੁੱਤ ਦੀ ਇੱਕ ਸੁਹਾਵਣੀ ਤੇ ਮਿੱਠੀ-ਮਿੱਠੀ ਠੰਡ ਭਰੀ ਰਾਤ ਸੀ। ਇਕ ਛੋਟੇ ਜਿਹੇ ਬਾਗ਼ 'ਚ ਜਲਸਾ ਹੋ ਰਹਿਆ ਸੀ। ਰਾਤ ਕਾਫ਼ੀ ਬੀਤ ਗਈ, ਪਰ ਜਲਸੇ ਦੀ ਰੌਣਕ ਆਪਣੇ ਪੂਰੇ ਜੋਬਨ ਤੇ ਰਹੀ। ਲੋਕਾਂ ਦੀ ਫਰਮਾਇਸ਼ ਹੋਈ ਕਿ ਹਰਸਾ ਸਿੰਘ ਕੋਲੋਂ ਇੱਕ ਹੋਰ ਕਵਿਤਾ ਸੁਣੀ ਜਾਏ। 'ਚਾਤਰ' ਜੀ ਨੇ ਦੇਸ਼ ਪਿਆਰ ਤੇ ਮਾਤ-ਭਾਸ਼ਾ ਪਿਆਰ ਨਾਲ ਭਰਪੂਰ ਕਵਿਤਾ "ਪੰਜਾਬੀ ਨੂੰ" ਪੜ੍ਹ ਕੇ ਸੁਣਾਈ। ਕਵਿਤਾ ਮੁੱਕਣ ਤੇ ਕਵੀ ਦੀ ਅਨੁਪ੍ਰਾਸ-ਯੁਕਤ ਤੇ ਸੰਗੀਤ ਮਈ ਤੁਕ:—

"ਕਰਦੇ ਜਾਨ ਕੁਰਬਾਨ ਜ਼ਬਾਨ ਉੱਤੇਂ।"

ਸਭ ਲੋਕਾਂ ਦੀ ਜ਼ਬਾਨ ਤੇ ਨੱਚ ਰਹੀ ਸੀ ਤੇ ਸਭਾ ਖਤਮ ਹੋਣ ਤੇ, ਬਹੁਤ ਸਾਰੇ ਲੋਕ ਉਪਰੋਤਕ ਤੁਕ ਗਾਉਂਦੇ ਹੋਏ ਘਰਾਂ ਨੂੰ ਜਾ ਰਹੇ ਸਨ।

ਇਨ੍ਹਾਂ ਦਿਨਾਂ 'ਚੋ 'ਚਾਤਰ' ਇੱਕ ਰਿਸ਼ਟ-ਪੁਸ਼ਟ ਨੌਜਵਾਨ ਸੀ। ਉੱਚਾ ਕੱਦ, ਚੌੜਾ ਤੇ ਉਭਰਿਆ ਹੋਇਆ ਸੀਨਾ, ਮਿਹਨਤ ਨਾਲ ਮਜ਼ਬੂਤ ਹੱਥ ਪੈਰ, ਪਰ ਅੱਖਾਂ ਚੁੰਚੀਆਂ। ਉਹ ਬੜਾ ਸਾਫ਼-ਗੋ, ਨਿਡਰ ਤੇ ਸਦਾ ਆਸ਼ਾਵਾਦੀ ਰਹਿੰਦਾ। 'ਚਾਤਰ' ਖੱਦਰ ਦੇ ਕਪੜੇ ਪਾਈ ਛੇਤੀ-ਛੇਤੀ ਕੰਮ ਕਰਦਾ, ਕੌਮੀ ਸਿਪਾਹੀ ਮਲੂਮ ਹੁੰਦਾ। ਉਹ ਸਖਤ ਤੋਂ ਸਖਤ ਕੰਮ ਹੱਸ-ਖੇਡ ਕੇ ਕਰਦਾ, ਗ਼ਰੀਬ ਹੋਣ ਤੇ ਭੀ ਦਿਲ ਦਾ ਅਮੀਰ ਤੇ ਦੇਸ਼-ਪਿਆਰ ਦੇ ਨੂਰ ਨਾਲ ਲਾਲੋਂ-ਲਾਲ ਰਹਿੰਦਾ।

ਇੱਕ ਦਿਨ ਕਿਸੇ ਕਾਰਨ ਅਸੀਂ ਖਾਲਸਾ ਕਾਲਜ ਵਲ ਜਾ ਰਹੇ ਸਾਂ ਚਾਰ ਵਜ ਚੁੱਕੇ ਸਨ, ਪਰ ਅਜੇ ਬੜੀ ਕੜਕਵੀਂ ਧੁੱਪ ਸੀ, ਇਸ ਲਈ ਅਸੀਂ ਟਾਹਲੀਆਂ ਦੀ ਛਾਂ ਹੇਠੋਂ ਲੰਘ ਰਹੇ ਸਾਂ। ਅਚਾਨਕ ਅਸਮਾਨ ਚੋਂ ਕਿਸੇ ਦੇ ਗਾਉਣ ਦੀ ਅਵਾਜ਼ ਆਈ। ਹੈਰਾਨੀ ਨਾਲ ਉਪਰ ਦੇਖਿਆ ਕਿ ਸ਼ਾਇਦ ਕੋਈ ਦਰਖਤ ਤੇ ਬੈਠਾ ਗਾ ਰਹਿਆ ਹੈ। ਪਰ ਹੈਰਾਨੀ ਦੀ ਕੋਈ ਹੱਦ ਨ ਰਹੀ ਜਦ ਬਿਜਲੀ ਦੇ ਖੰਭੇ ਤੇ ਚੜ੍ਹੇ ਨੌਜਵਾਨ ਦੇ ਇਹ ਸ਼ਿਅਰ ਸੁਣੇ:—

"ਮੁੱਲਾਂ ਮੁਨਾਰੇ ਚੜ੍ਹਦਿਆ. ਰੱਬ ਨਾਲ ਗੱਲਾਂ ਕਰਦਿਆ।<br>ਕੀ ਰੱਬ ਨੇ ਹੈ ਆਖਿਆ, ਭਾਰਤ ਦੇ ਅੰਦਰ ਫੁੱਟ ਪਾ?"

ਕਹਿੰਦੇ ਹਨ ਕਿ ਸਮੇਂ ਦੇ ਅਨੁਸਾਰ ਗੱਲ ਭੀ ਔੜ ਪੈਂਦੀ ਹੈ। ਇਸੇ ਲਈ ਬਿਜਲੀ ਦੇ ਖੰਭੇ ਤੇ ਚੜ੍ਹ ਕੇ ਮੁੱਲਾਂ ਦਾ ਮੁਨਾਰੇ ਤੇ ਚੜ੍ਹਨਾ ਤੇ ਰੱਬ ਨਾਲ ਗੱਲਾਂ ਕਰਨਾ, ਕਵੀ ਹਰਸਾ ਸਿੰਘ ਨੂੰ ਯਾਦ ਆ ਰਹਿਆ ਸੀ ਤੇ ਉਹ ਮਿੱਠੀ ਸੁਰ 'ਚ ਗਾ ਰਹਿਆ ਸੀ। ਇਸ ਅਲਬੇਲੇ ਤੇ 'ਬੀਰਰਸੀ' ਕਵੀ ਦੇ ਜੀਵਨ ਤੋਂ ਜਾਣੂ ਹੋਣਾ ਮਨੋਰੰਜਨ ਤੋਂ ਖਾਲੀ ਨਹੀਂ ਹੋਵੇਗਾ। ਕਵੀ ਦਾ ਜੀਵਣ ਜਾਣ ਕੇ ਉਸ ਦੀ ਕਲਾ ਉਸਦੇ ਖਿਆਲ ਤੇ ਉਸ ਦੀ ਆਤਮਾ ਨੂੰ ਅਸੀਂ ਹੋਰ ਵੀ ਨੇੜੇ ਤੋਂ ਜਾਣ ਸੱਕਦੇ ਹਾਂ।

**ਜੀਵਨ—**

ਅੰਮ੍ਰਿਤਸਰ ਦਰਵਾਜ਼ਾ ਸੁਲਤਾਨ ਵਿੰਡ ਦੇ ਕੋਲ ਛੋਟੀ ਜਹੀ ਗਲੀ, 'ਫਟਵਾਲੀ' ਹੈ ਜੋ ਅੰਦਰੋ-ਅੰਦਰ ਗੁਰਦੁਆਰਾ ਰਾਮਸਰ ਨੂੰ ਨਿਕਲ ਜਾਂਦੀ ਹੈ। ਰਾਮਸਰ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਸੀ। ਇੱਕ ਪਾਸੇ ਬਬੇਕਸਰ ਹੈ, ਦੂਸਰੇ ਪਾਸੇ ਗੁਰਦੁਆਰਾ ਬਾਬਾ ਦੀਪ ਸਿੰਘ ਹੈ। ਸਵੇਰ ਤੋਂ ਹੀ ਰਾਗ ਤੇ ਗੁਰਬਾਣੀ ਨਾਲ ਸਾਰਾ ਆਲਾ

ਦੁਆਲਾ ਪੁਨੀਤ ਤੇ ਸੁਗੰਧਿਤ ਹੋ ਜਾਂਦਾ ਹੈ। ਇਸ ਰਾਗਾਤਿਮਕ ਵਾਤਾਵਰਣ 'ਚ ਘਿਰੀ ਹੋਈ ਛੋਟੀ ਜਿਹੀ ਗਲੀ ਵਿੱਚ ਹਰਸਾ ਸਿੰਘ ਦਾ ਜਨਮ ਹੋਇਆ। ਜਨਮ ਪਾਪੜਾਂ ਵਾਲੇ ਵਿਹੜੇ ਵਿੱਚ ਹੋਇਆ ਜਿਥੇ ਕਿ ਹਰਸਾ ਸਿੰਘ ਜੀ ਦੇ ਪਿਤਾ ਵਧਾਵਾ ਸਿੰਘ ਕੰਬੋਜ ਰਹਿੰਦੇ ਤੇ ਕੰਮ ਕਰਦੇ ਸਨ।

ਕਵੀ ਨੂੰ ਆਪਣੀ ਜਨਮ ਤਰੀਖ ਪੂਰੀ ਤਰ੍ਹਾਂ ਯਾਦ ਨਹੀਂ ਰਹੀ। ਸੰਨ ੧੯੪੭ ਦੇ ਘਲੂਘਾਰੇ ਵਿੱਚ ਉਨ੍ਹਾਂ ਦੇ ਕਈ ਕਾਗ਼ਜ਼-ਪੱਤਰ ਵਿਨਸ਼ਤ ਹੋ ਗਏ ਤੇ ਜਨਮ-ਤਾਰੀਖ ਵਾਲੇ ਕਾਗ਼ਜ਼ ਨ ਮਿਲ ਸੱਕੇ, ਪਰ ਅੰਦਾਜ਼ੇ ਤੋਂ ਪਤਾ ਲੱਗਾ ਕਿ ਉਨ੍ਹਾਂ ਦਾ ਜਨਮ ਦਿਨ ੧੯੦੯ ਦੇ ਅਖੀਰ ਜਾਂ ੧੯੧੦ ਦੇ ਸ਼ੁਰੂ ਵਿੱਚ ਹੋਇਆ।

ਹਰਸਾ ਸਿੰਘ ਦਾ ਵੱਡਾ ਭਰਾ ਲਾਭ ਸਿੰਘ ਚੌਥੀ ਜਮਾਤ ਵਿੱਚ ਪੜ੍ਹਦਾ ਸੀ ਤੇ ਇੱਕ ਦਿਨ ਹਰਸਾ ਸਿੰਘ ਨੂੰ ਭੀ ਆਪਣੇ ਨਾਲ ਪਾਠਸ਼ਾਲਾ ਲੈ ਗਇਆ। ਹਰਸਾ ਸਿੰਘ ਦੀ ਉਮਰ ਹੁਣ ਛੇ ਸਾਲ ਦੀ ਹੋ ਚੁੱਕੀ ਸੀ। ਪਾਠਸ਼ਾਲਾ ਵਿੱਚ ਭਾਈ ਗੁਪਾਲ ਸਿੰਘ ਨੂੰ ਗੁਰੂ ਧਾਰ ਕੇ ਉਸ ਨੇ ਪੰਜ਼ਾਬੀ ਸਿੱਖਣੀ ਸ਼ੁਰੂ ਕਰ ਦਿੱਤੀ। ਭਾਈ ਜੀ ਮਾਰਦੇ ਭੀ ਤੇ ਗਾਲ੍ਹਾਂ ਭੀ ਕੱਢਦੇ, ਪਰ ਪੜ੍ਹਾਉਂਦੇ ਬੜੀ ਮਿਹਨਤ ਨਾਲ ਸਨ। ਹਰਸਾ ਸਿੰਘ ਹੋਰ ਵੱਡਾ ਹੋਇਆ ਤੇ ਉਸ ਨੂੰ ਧਾਰਮਿਕ ਕਵਿਤਾਵਾਂ ਯਾਦ ਕਰਵਾਈਆਂ ਗਈਆਂ ਉਸਦੀ ਯਾਦ-ਸ਼ਕਤੀ ਬੜੀ ਤੇਜ਼ ਸੀ, ਇਸ ਲਈ ਦੀਵਨਾਂ ਤੇ ਜਲੂਸਾਂ ਵਿੱਚ ਖ਼ੂਬ ਲਯ ਨਾਲ ਕਵਿਤਾਵਾਂ ਪੜ੍ਹਦਾ ਤੇ ਛੋਟੇ-ਛੋਟੇ ਇਨਾਮ ਹਾਸਲ ਕਰਦਾ ਰਹਿਆ, ਪਰ ਅਫ਼ਸੋਸ ਕਿ ਉਹ ਪ੍ਰੈਮਰੀ ਤੋਂ ਅੱਗੇ ਨ ਪੜ੍ਹ ਸੱਕਿਆ। ਪੰਦਰਾਂ ਸਾਲ ਦੀ ਉਮਰ ਵਿੱਚ ਉਸ ਦੀ ਸ਼ਾਦੀ ਹੋ ਗਈ।

### ਕਵਿਤਾ ਦਾ ਸ਼ੌਕ —

ਹਰਸਾ ਸਿੰਘ ਨੂੰ ਕਵਿਤਾ ਦਾ ਸ਼ੌਕ, ਸ੍ਰੀ ਆਸਾ ਸਿੰਘ "ਪਰ" ਕੋਲੋਂ ਲੱਗਾ। ਆਸਾ ਸਿੰਘ 'ਪਰ' ਸ਼ਹੀਦੀ-ਜੱਥੇ ਨਾਲ, ਜੈਤੋ ਦੇ ਮੋਰਚੇ ਤੇ ਗਇਆ ਸੀ ਤੇ ਉਥੇ ਉਸ ਨੂੰ ਗੋਲੀ ਲੱਗ ਗਈ ਸੀ, ਪਰ ਉਹ ਬੱਚ ਗਿਆ ਤੇ ਕਵਿਤਾ ਤੇ ਸਾਹਿੱਤ ਵਾਲੇ ਪਾਸੇ ਲੱਗ ਪਇਆ। ਹਰਸਾ ਸਿੰਘ, ਪਰ ਦੀਆਂ ਕਵਿਤਾਵਾਂ ਸੁਣਦਾ-ਸੁਣਦਾ ਹੀ ਲਿਖਣ ਲੱਗ ਪਇਆ। ਇਸ ਦਾ ਸ਼ੌਕ ਦੇਖ ਆਸਾ ਸਿੰਘ ਨੇ ਕਵਿਤਾ ਬਾਰੇ ਭੀ ਹਰਸਾ ਸਿੰਘ ਨੂੰ ਕੁਝ ਨ ਕੁਝ ਦਸਣਾ ਸ਼ੁਰੂ ਕਰ ਦਿੱਤਾ। ਆਸਾ ਸਿੰਘ 'ਪਰ' ਤੇ ਹਰਸਾ ਸਿੰਘ ਦਾ ਭਰਾ, ਲਾਭ ਸਿੰਘ 'ਜੋਬਨ' ਦੋਵੇਂ ਵਿਧਾਤਾ ਸਿੰਘ ਜੀ 'ਤੀਰ' ਦੇ ਸ਼ਾਗਿਰਦ ਸਨ। ਇੱਕ ਦਿਨ 'ਤੀਰ' ਜੀ ਦੀ ਦੁਕਾਨ ਤੇ ਆਸਾ ਸਿੰਘ 'ਪਰ' ਦੇ ਨਾਲ ਹਰਸਾ ਸਿੰਘ ਹਾਜ਼ਰ ਹੋਇਆ। ਉਸ ਦੀ ਨਵੀਂ, ਲਿਖੀ ਕਵਿਤਾ 'ਬੇ-ਰੋਜ਼ ਗਾਹੀ' ਉਸ ਦੇ ਕੋਲ ਸੀ ਤੇ 'ਤੀਰ' ਜੀ ਨੂੰ ਇਹ ਕਵਿਤਾ ਸੁਣਾਉਣ ਹੀ ਦੋਵੇਂ

ਆਏ ਸਨ।

'ਤੀਰ' ਜੀ ਨੇ ਬੜੇ ਧਿਆਨ ਨਾਲ ਕਵਿਤਾ ਸੁਣੀ ਤੇ ਸੁਣ ਕੇ ਕਹਣ ਲੱਗੇ "ਇਹ ਕਵਿਤਾ ਕਿਸੇ ਅਨਜਾਣ ਦੀ ਲਿਖੀ ਹੋਈ ਨਹੀਂ ਲੱਗਦੀ।" ਫਿਰ ਅਪਣੀ ਤਸੱਲੀ ਲਈ ਇੱਕ ਤਰਹ ਮਿਸਰਾ ਨਵੇਂ ਕਵੀ ਨੂੰ ਦਿੱਤਾ ਕਿ ਇਸ ਤੇ ਕੁਝ ਸ਼ੇਅਰ ਲਿਖ ਲਿਆਵੇ। ਮਿਸਰਾ ਇਹ ਸੀ:--

"ਪੂਰੀ ਕਦੇ ਵੀ ਨਾ ਪੈਂਦੀ ਚੋਰ ਦੀ ਏ।"

'ਤੀਰ' ਜੀ ਦਾ ਹੁਕਮ ਮੰਨ ਕੇ ਚਾਤਰ ਨੇ ਇੱਕ ਛੋਟੀ ਜਹੀ ਪਰ ਸੁੰਦਰ ਕਵਿਤਾ ਲਿਖੀ—

"ਸੱਸੀ ਡਾਚੀ ਦੇ ਖੁਰੇ ਤੇ ਰੋਏ ਬੈਠੀ,
ਰੋ-ਰੋ ਅੱਗੇ ਦਲੀਲਾਂ ਨੂੰ ਤੋਰਦੀ ਏ।
ਸ਼ਾਲਾ ਹੋਤ ਜਿਹੜੇ ਪੁੰਨੂ ਖਾਨ ਖੜਿਆ,
ਲੱਭੇ ਓਸ ਨੂੰ ਥਾਂ ਨ ਗੋਰ ਦੀ ਏ!
ਮਹਿੰਦੀ, ਮਾਹੀ ਬਾਝੋਂ ਨਿਰੀ ਲਹੂ ਹੋਈ,
ਤੱਤੀ ਯਾਦ ਪਈ ਹੱਡੀਆਂ ਖੋਰਦੀ ਏ।
ਖਬਰੇ ਏਨੀ ਪੈਰੀਂ ਪੁੰਨੂ ਪਰਤ ਆਏ,
ਏਦਾਂ ਲੱਡੂ ਖਿਆਲਾਂ ਦੇ ਭੋਰਦੀ ਏ।
ਆਖੇ, ਨਾਲ ਮੇਰੇ ਹੋਤਾਂ ਬੁਰੀ ਕੀਤੀ,
ਖਬਰੇ ਖਾਰ ਕੱਢੀ ਕਿਹੜੇ ਖੋਰ ਦੀ ਏ!
ਚੰਗਾ ਮੈਂ ਤਾਂ ਮੋਈ ਵੀ ਮਿਲ ਪਵਾਂਗੀ,
"ਪੂਰੀ ਕਦੇ ਵੀ ਨ ਪੈਂਦੀ ਚੋਰ ਦੀ ਏ"

'ਤੀਰ' ਜੀ ਇਹ 'ਛੇਕਲੀਆਂ' ਸੁਣ ਕੇ ਫੇਰ ਮਿਸਰੇ ਨੂੰ ਕਵਿਤਾ ਵਿੱਚ ਗੁੰਫਿਤ ਦੇਖ ਕੇ ਬੜੇ ਪ੍ਰਸੰਨ ਹੋਏ, ਪਿਆਰ ਨਾਲ ਥਾਪੀ ਦਿੱਤੀ ਅਤੇ ਨਵੇਂ ਕਵੀ ਦੀ ਅਗਵਾਈ ਲਈ ਤਿਆਰ ਹੋ ਗਏ।

ਹਰਸਾ ਸਿੰਘ ਦਾ ਸ਼ੌਕ ਦਿਨ-ਬ-ਦਿਨ ਵਧਦਾ ਗਇਆ। ਇਨ੍ਹਾਂ ਦਿਨਾਂ ਵਿੱਚ ਹੀ 'ਕਿਰਤੀ' ਸਭਾ ਕਾਇਮ ਹੋਈ ਸੀ, ਸਭਾ ਦੇ ਮੈਂਬਰ ਹਰਸਾ ਸਿੰਘ ਦੇ ਮਿੱਤਰ ਸਨ, ਸੋ 'ਚਾਤਰ' ਸਭਾ ਲਈ ਕਵਿਤਾਵਾਂ ਲਿਖਦਾ ਰਹਿਆ। ਇਹ ਕਵਿਤਾਵਾਂ ਮਜ਼ਦੂਰਾਂ ਕਿਸਾਨਾਂ ਦੀ ਹਮਾਇਤ 'ਚ ਹੁੰਦੀਆਂ ਤੇ ਜਲਸੇ ਜਲੂਸਾਂ ਵਿੱਚ ਪੜ੍ਹੀਆਂ ਜਾਂਦੀਆਂ। ਚੰਗਾ ਇਹ ਹੋਇਆ ਕਿ ਇਸ ਤਰ੍ਹਾਂ ਦੀਆਂ ਪ੍ਰਚਾਰ-ਭਰਪੂਰ ਕਵਿਤਾਵਾਂ ਉਨ੍ਹਾਂ ਆਪਣੀਆਂ ਪੁਸਤਕਾਂ ਵਿੱਚ ਸ਼ਾਮਿਲ ਨਹੀਂ ਕੀਤੀਆਂ। ਪੰਝੀ ਸਾਲ ਦੀ ਉਮਰ ਤਕ ਪਹੁੰਚਿਆ 'ਚਾਤਰ' ਪੰਜਾਬੀ ਮੈਦਾਨ ਦਾ ਪ੍ਰਸਿੱਧ ਕਵੀ

ਹੋ ਗਇਆ। ਇਨ੍ਹਾਂ ਦਿਨਾ ਵਿੱਚ ਫ਼ੀਰੋਜ਼ਪੁਰ ਇੱਕ ਵੱਡਾ ਕਵੀ ਦਰਬਾਰ ਹੋਇਆ। 'ਚਾਤਰ' ਜੀ ਨੇ ਆਪਣੀ ਨਵੀਂ ਲਿਖੀ ਕਵਿਤਾ 'ਮਾਂ' ਪੜ੍ਹੀ। ਕਵੀ ਕਵਿਤਾ ਪੜ੍ਹਦਾ ਗਇਆ ਤੇ ਉਸ ਤੇ ਦਾਦ ਰੂਪੀ ਫੁੱਲ ਵਸਦੇ ਰਹੇ। ਲਾਲਾ ਧਨੀ ਰਾਮ 'ਚਾਤ੍ਰਿਕ' ਜੀ ਕਵੀ ਦਰਬਾਰ ਦੇ ਪ੍ਰਧਾਨ ਸਨ, ਉਨ੍ਹਾਂ ਕਵਿਤਾ ਦੀ ਪ੍ਰਸੰਸਾ ਦੇ ਨਾਲ ਕਵੀ ਨੂੰ ਇਨਾਮ ਭੀ ਦਿੱਤਾ।

## ਜੀਵਨ ਤੇ ਕਵਿਤਾ—

ਸੰਨ ੧੯੩੫ ਤਕ 'ਚਾਤਰ' ਬਿਜਲੀ ਦਾ ਕੰਮ ਕਰਦਾ ਰਹਿਆ ਉਹ ਅੰਮ੍ਰਿਤਸਰ ਤੋਂ ਲਾਹੌਰ ਵਲ ਜਾਂਦੇ ਬਿਜਲੀ ਦੇ ਖੰਭਿਆਂ ਤੇ ਕਈ ਸਾਲ ਉਤਰਦਾ ਚੜ੍ਹਦਾ ਰਹਿਆ ਤੇ ਆਖ਼ਰ ਅੱਕ ਗਇਆ। ਇੱਕ ਮਿੱਤਰ ਦੇ ਕਹਣ ਤੇ ਖੰਡ ਤੇ ਪਤਾਸਿਆਂ ਦੀ ਦੁਕਾਨ ਪਾ ਲਈ, ਪਰ ਇਹ ਕੰਮ ਭੀ ਲਾਭਵੰਦ ਸਾਬਿਤ ਨਾ ਹੋਇਆ।

ਇਸ ਤੋਂ ਬਾਅਦ ਇੱਕ ਹੋਰ ਮਿਤਰ ਨਾਲ ਮਿਲ ਕੇ, ਆਟੇ ਦਾਣੇ ਦੀ ਹੱਟੀ ਪਾ ਲੀਤੀ, ਪਰ ਇਹ ਕੰਮ ਉਸ ਦੇ ਭਾਈਵਾਲ ਨੂੰ ਤਾਂ ਸੌਰ ਗਇਆ ਤੇ ਕਲਾਕਾਰ ਨੂੰ ਕਵਿਤਾ ਦੀ ਲਗਨ ਦੇ ਕਾਰਣ ਇਹ ਕੰਮ ਭੀ ਛੱਡਣੋਂ ਸਿਵਾ ਚਾਰਾ ਨਾ ਰਹਿਆ। ਉਸ ਨੂੰ ਲਿਖਣ ਪੜ੍ਹਨ ਦੇ ਸ਼ੌਕ ਦੇ ਨਾਲ ਗੱਤਕੇ ਬਾਜ਼ੀ ਦਾ ਸ਼ੌਕ ਸੀ। ਉਹ ਗੱਤਕੇ ਖੇਡਦਾ ਰਹਿਆ, ਕੁਸ਼ਤੀਆਂ ਘੁਲਦਾ ਰਹਿਆ। ਫਿਰ ਉਹ 'ਸੁੱਖੇ' ਦੇ ਰਗੜੇ ਲਾ ਕੇ ਸ਼ਿਵ-ਭੋਲਾ ਦੀ ਜੈ ਬੁਲਾਉਂਦਾ ਰਹਿਆ। ਆਖਿਰ ਉਸ ਨੇ ਅਤਾਰੀ ਦੀ ਦੁਕਾਨ ਪਾ ਲੀਤੀ। ਉਹ ਬਾਵਾ ਸੰਤ ਰਾਮ ਕੋਲੋਂ ਹਿਕਮਤ ਪੜ੍ਹਦਾ ਰਹਿਆ ਸੀ ਔਖੇ ਵੇਲੇ ਇਹ ਹੁਨਰ ਉਸ ਦੇ ਕੰਮ ਤਾਂ ਆਇਆ, ਪਰ ਦਵਾਈਆਂ ਬਣੀਆਂ ਰਹੀਆਂ ਤੇ ਅਲਮਾਰੀਆਂ ਵਿੱਚ ਸਜੀਆਂ ਰਹੀਆਂ। ਯਾਰ ਮਿੱਤਰ ਆ ਕੇ ਮੁਫ਼ਤ ਦਵਾਈ ਲੈ ਜਾਂਦੇ ਤੇ ਕਵਿਤਾ ਸੁਣ ਕੇ ਸ਼ਿਹਤ ਭੀ ਹਾਸਿਲ ਕਰ ਜਾਂਦੇ, ਪਰ ਕਵੀ ਤੇ ਹਕੀਮ ਹੱਥ ਮਲਦਾ ਰਹ ਜਾਂਦਾ। ਅਖੀਰ ਇਹ ਕੰਮ ਛੱਡ ਉਸ ਨੇ ਹਲਵਾਈ ਦੀ ਦੁਕਾਨ ਪਾ ਲੀਤੀ ਤੇ ਹੁਣ ਕਈ ਸਾਲਾਂ ਤੋਂ ਇਹੋ ਕੰਮ ਕਰ ਰਹਿਆ ਹੈ, ਪਰ ਪ੍ਰਭਾਤ ਤੋਂ ਅੱਧੀ ਰਾਤ ਤਕ ਇਸੇ ਕੰਮ ਵਿਚ ਲਗੇ ਰਹਣ ਦੇ ਕਾਰਣ ਉਸ ਦੀ ਕਵਿਤਾ ਮਰ ਰਹੀ ਹੈ ਤੇ ਦੱਬੀ ਜਾ ਰਹੀ ਹੈ।

## ਪੁਸਤਕਾਂ—

ਸੰਨ ੧੯੪੨ ਕਵੀ ਲਈ ਇੱਕ ਸੁਨਹਰੀ ਸਾਲ਼ ਸੀ, ਜਦ ਕਿ ਕਵੀ ਦੀ ਪਹਲੀ ਪੁਸਤਕ 'ਵਲਵਲੇ' ਛਪੀ। ਇਸ ਵਿੱਚ ਛੋਟੀਆਂ ਵੱਡੀਆਂ ਸੰਤਾਲੀ ਕਵਿਤਾਵਾਂ ਸਨ। ਇਸੇ ਸਾਲ ਕਵੀ ਲਈ ਇੱਕ ਨਵਾਂ ਮੋੜ ਭੀ ਆਇਆ ਜੋ

ਅੱਗੇ ਚਲ ਕੇ ਉਸ ਦੀ ਪ੍ਰਸਿੱਧੀ ਦਾ ਕਾਰਣ ਬਣਿਆ।

"ਵਲਵਲੇ" ਨਾਮੀ ਪੁਸਤਕ ਵਿੱਚ ਕਵੀ ਨੇ ਇੱਕ 'ਵਾਰ' ਭੀ ਸ਼ਾਮਿਲ ਕੀਤੀ ਸੀ ਜੋ ਕਿ ਅਕਾਲੀ ਫੂਲਾ ਸਿੰਘ ਜੀ ਦੇ ਸੰਬੰਧ ਵਿੱਚ ਹੈ। ਇਹ ਵਾਰ ਦੂਸਰੇ ਕਵੀਆਂ ਤੇ ਸਿਆਣੇ ਪਾਠਕਾਂ ਨੂੰ ਬਹੁਤ ਪਸੰਦ ਆਈ ਤੇ ਕਵੀ ਦੇ ਉਸਤਾਦ 'ਤੀਰ' ਜੀ ਨੇ ਕਹਿਆ, "ਤੂੰ ਹੁਣ ਵਾਰਾਂ ਹੀ ਲਿਖਿਆ ਕਰ, ਇਸ ਵਿੱਚ ਤੂੰ ਚੰਗਾ ਕਾਮਯਾਬ ਹੋਵੇਂਗਾ।" ਕਵੀ ਨੂੰ ਇਹ ਗੱਲ ਚੰਗੀ ਲੱਗੀ ਤੇ ਉਸ ਨੇ ਹੋਰ ਚੰਗੀਆਂ ਤੇ ਜ਼ੋਰਦਾਰ ਵਾਰਾਂ ਲਿਖੀਆਂ। ਇਸ ਤਰ੍ਹਾਂ ਛੇਤੀ ਹੀ ਉਸ ਦੀਆਂ ਵਾਰਾਂ ਦੀ ਪੁਸਤਕ "ਲਹੂ ਦੇ ਲੇਖ" ਤਿਆਰ ਹੋ ਗਈ। ਇਸ ਤੋਂ ਬਾਅਦ ਉਸ ਨੇ ਹੋਰ ਵਾਰਾਂ ਲਿਖੀਆਂ ਤੇ ਤੀਸਰੀ ਪੁਸਤਕ ਦਾ ਨਾਂ "ਲਹੂ ਦੀਆਂ ਧਾਰਾਂ" ਰੱਖਿਆ। ਇਸ ਤਰ੍ਹਾਂ 'ਵਾਰਾਂ' ਕਵੀ ਦਾ ਖਾਸ ਤੇ ਮਨ-ਭਾਉਂਦਾ ਪਿੜ ਬਣ ਗਇਆ ਤੇ ਆਖਿਰ ਉਹ ਵਾਰਾਂ ਲਿਖਣ ਵਿੱਚ ਪ੍ਰਵੀਨ ਹੋ ਗਇਆ। ਪ੍ਰੋ: ਅਮੋਲ ਜੀ, ਗਿਆਨੀ ਪ੍ਰਤਾਪ ਸਿੰਘ ਜੀ ਤੇ 'ਤੀਰ' ਜੀ ਨੇ ਕਵੀ ਦੀ ਯੋਗ ਪ੍ਰਸੰਸਾ ਕੀਤੀ ਹੈ। ਤੇ 'ਚਾਤਰ' ਨੂੰ ਵਾਰਾਂ ਦੀ 'ਸ਼ਾਹ' ਤਕ ਕਹਿਆ ਹੈ।

( ੨ )

**'ਵਾਰ' ਦੀ ਪਰੰਪਰਾ ਤੇ 'ਚਾਤਰ'—**

ਪੰਜਾਬੀ ਕਵਿਤਾ ਵਿੱਚ, ਕਈ ਕਾਵਿ-ਰੂਪ ਸੰਸਕ੍ਰਿਤ, ਫ਼ਾਰਸੀ ਤੇ ਉਰਦੂ ਵਿੱਚੋਂ ਆਏ ਹਨ ਤੇ ਆਖਰਿ ਸਮਾਂ ਪਾ ਕੇ ਉਹ ਪੰਜਾਬੀ ਕਾਵਿ-ਰੂਪ ਹੀ ਬਣ ਗਏ ਹਨ, ਪਰ 'ਵਾਰ' ਇੱਕ ਐਸਾ ਪੰਜਾਬੀ ਕਾਵਿ-ਰੂਪ ਹੈ ਜੋ ਬਹੁਤ ਪੁਰਾਣਾ ਤੇ ਖਾਲਸ ਪੰਜਾਬੀ ਹੈ। ਇਹ ਕਾਵਿ-ਰੂਪ ਹਿੰਦੀ ਦੇ 'ਰਾਸੋ' ਤੋਂ ਭੀ ਪੁਰਾਣਾ ਮਾਲੂਮ ਹੁੰਦਾ ਹੈ। ਯੂਨਾਨ ਦੀ 'ਓਡ' ਫ਼ਾਰਸੀ ਦੇ ਜੰਗ-ਨਾਮੇ, ਫੇਰ 'ਰਾਸੋ' ਤੇ 'ਬੈਲਡ' ਆਦਿ ਜੇਹੇ ਮੌਲਿਕ ਕਾਵਿ-ਰੂਪ ਹਨ ਤਾਂ 'ਵਾਰ' ਭੀ ਪੰਜਾਬੀ ਦਾ ਮੌਲਿਕ ਕਾਵਿ-ਰੂਪ ਹੈ। ਪ੍ਰੋ: ਤੇਜਾ ਸਿੰਘ ਜੀ ਵਾਰ ਦਾ ਪਿੱਛਾ 'ਓਡ' ਨਾਲ ਜੋੜਦੇ ਹਨ, ਪਰ ਇਹ ਗੱਲ ਭੁਲੇਖੇ ਵਾਲੀ ਹੈ। 'ਓਡ' ਦਾ ਅਸਰ ਯੂਨਾਨੀਆਂ ਦੇ ਆਉਣ ਨਾਲ ਹੀ ਹੋ ਸਕਦਾ ਹੈ। ਇਸ ਤਰ੍ਹਾਂ ਸਾਡੇ ਪੁਰਾਣੇ ਸਾਹਿੱਤ, ਸੰਸਕ੍ਰਿਤ, ਪਾਲੀ ਤੇ ਪ੍ਰਾਕ੍ਰਿਤ ਆਦਿ ਤੇ 'ਓਡ' ਦਾ ਅਸਰ ਹੋਣਾ ਚਾਹੀਦਾ ਸੀ। ਪਰ ਸਾਨੂੰ ਅਮੀਰ ਖ਼ੁਸਰੋ ਦੇ ਕਾਲ ਤਕ ਐਸਾ ਕੋਈ ਅਸਰ ਭਾਰਤੀ ਸਾਹਿੱਤ ਤੇ ਨਜ਼ਰ ਨਹੀਂ ਆਇਆ ਤੇ ਸੈਂਕੜੇ ਸਾਲਾਂ ਬਾਅਦ ਪੰਜਾਬੀ ਤੇ 'ਓਡ' ਦਾ ਅਸਰ ਇੱਕ ਬੇ-ਬੁਨਿਆਦ ਗੱਲ ਮਾਲੂਮ ਹੁੰਦੀ ਹੈ। ਸਗੋਂ ਕਹਣਾ ਇਹ ਚਾਹੀਦਾ ਹੈ ਕਿ ਵਾਰ ਨਿਰੋਲ ਪੰਜਾਬੀ ਕਾਵਿ-ਰੂਪ ਹੈ। ਮੀਰ ਖੁਸਰੋ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ ਦੇ ਦਰਮਿਆਨੀ ਅਰਸੇ ਵਿੱਚ,

ਪੰਜਾਬੀ ਬਹਾਦਰਾਂ ਦੀਆਂ ਕਾਫ਼ੀ ਵਾਰਾਂ ਲਿਖੀਆ ਗਈਆਂ ਤੇ ਇਹ ਕਾਵਿ-ਰੂਪ ਉੱਨਤੀ ਕਰਦਾ ਗਇਆ ਪਰ ਗੁਰੂ ਨਾਨਕ ਦੇਵ ਜੀ ਨੇ ਵਾਰਾਂ ਨੂੰ ਇੱਕ ਨਵਾਂ ਸੁਭਾਵ ਦਿੱਤਾ।

ਹਰਸਾ ਸਿੰਘ ਨੇ ਵਾਰਾਂ ਲਿਖ ਕੇ ਆਪਣੀ ਉੱਚ ਪਰੰਪਰਾ ਨੂੰ ਸੁਰਜੀਤ ਰੱਖਿਆ ਹੈ। ਕਵੀ 'ਨਜਾਬਤ' ਦੀ ਵਾਰ ਤੋਂ ਬਾਅਦ ਹਰਸਾ ਸਿੰਘ ਦੀਆਂ ਵਾਰਾਂ ਹੀ ਕਾਮਯਾਬ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਚਾਹੇ ਹਰਸਾ ਸਿੰਘ ਦੀਆਂ ਵਾਰਾਂ ਛੋਟੀਆਂ ਹਨ, ਪਰ ਆਪਣੇ ਵਿਸ਼ਯ ਅਨੁਸਾਰ ਠੀਕ ਹਨ। ਕਲਾ ਤੇ ਬੋਲੀ ਦੇ ਪੱਖ ਤੋਂ 'ਚਾਤਰ' ਦੀਆਂ ਵਾਰਾਂ 'ਨਜਾਬਤ' ਕੋਲੋਂ ਚੰਗੀਆਂ ਹਨ। ਨਵੇਂ ਕਵੀਆਂ ਵਿੱਚੋਂ ਕੁਝ ਕਵੀਆਂ ਨੇ ਇੱਕ ਇੱਕ, ਦੋ ਦੋ ਵਾਰਾਂ ਜ਼ਰੂਰ ਲਿਖੀਆਂ ਹਨ, ਪਰ ਉਹ ਵਾਰ ਕਰਤਾ ਨਹੀਂ ਕਹੇ ਜਾ ਸਕਦੇ। ਵਾਰਾਂ ਦਾ ਉਸਤਾਦ ਤਾਂ 'ਚਾਤਰ' ਹੀ ਹੈ।

ਮਾਨਵ ਸੁਭਾਵ ਦੀਆਂ ਆਂਤਰਿਕ ਪ੍ਰਵ੍ਰਿਤੀਆਂ ਵਿੱਚ ਆਪਣੇ ਬਚਾਓ ਦਾ ਜਜ਼ਬਾ ਵਿਸ਼ੇਸ ਥਾਂ ਰੱਖਦਾ ਹੈ। ਇਸ ਜਜ਼ਬੇ ਅਧੀਨ ਪ੍ਰਾਚੀਨ ਕਾਲ ਤੋਂ ਆਦਮੀ ਆਪਣੇ ਬਚਾਓ ਲਈ, ਸਾਧਨਾ ਦੀ ਭਾਲ ਤੇ ਉਨ੍ਹਾਂ ਦੀ ਵਰਤੋਂ ਕਰਦਾ ਚਲਾ ਆਇਆ ਹੈ। ਬਚਾ ਦੇ ਸਾਧਨ ਤਾਂ ਸ਼ਸਤ੍ਰ ਆਦਿ ਹੋਏ, ਪਰ ਉਨ੍ਹਾਂ ਦੀ ਸਫ਼ਲ ਵਰਤੋਂ ਬੀਰਤਾ ਦੇ ਗੁਣ ਤੋਂ ਬਿਨਾਂ ਹੋਣੀ ਅਸੰਭਵ ਹੈ।

ਬੀਰਤਾ ਦਾ ਗੁਣ ਪੈਦਾ ਕਰਨ ਲਈ ਮਾਨਵ-ਮਨ ਵਿੱਚ ਲੁਕੇ ਹੋਏ, ਕਾਇਰਤਾ ਦੇ ਭਾਵਾਂ ਨੂੰ ਕੱਢਣਾ ਜ਼ਰੂਰੀ ਹੈ। ਕਾਇਰਤਾ ਦੇ ਭਾਵ ਚਾਹੇ ਗ਼ੁਲਾਮੀ ਦੇ ਕਾਰਨ ਆਏ ਹੋਣ, ਚਾਹੇ ਵਿਰਸੇ ਵਿੱਚ ਮਿਲੇ ਹੋਣ ਜਾਂ ਆਲੇ ਦੁਆਲੇ ਤੋਂ ਆਏ ਹੋਣ, ਪਰ ਮਨੁੱਖੀ ਮਨਾਂ 'ਚੋਂ ਇੱਕ ਵਿਸ਼ੇਸ਼ ਪ੍ਰਕਾਰ ਦਾ ਵਾਤਾਵਰਣ ਪੈਦਾ ਕਰਕੇ ਕੱਢੇ ਜਾ ਸਕਦੇ ਹਨ। ਇਸ ਤਰ੍ਹਾਂ ਦਾ ਵਾਤਾਵਰਣ ਪੈਦਾ ਕਰਨ ਲਈ 'ਬੀਰ-ਰਸ' ਦੀ ਕਵਿਤਾ ਦਾ ਸਹਾਰਾ ਲਇਆ ਜਾਂਦਾ ਰਹਿਆ ਹੈ। ਅੰਗ੍ਰੇਜ਼ੀ ਸਾਮਰਾਜ ਤੇ ਜ਼ੁਲਮ ਦੇ ਵਿਰੁਧ 'ਚਾਤਰ' ਦੀ 'ਬੀਰ-ਰਸ' ਭਰਪੂਰ ਬਾਣੀ ਭੀ ਪੰਜਾਬੀ ਜਵਾਨਾਂ ਦਾ ਆਸਰਾ ਬਣੀ ਤੇ ਉਹ ਹੱਸ ਹੱਸ ਕੇ ਸਖਤੀਆਂ ਝੱਲਦੇ ਰਹੇ। ਪੰਜਾਬੀ ਨੂੰ ਉਲਾਂਭਾ ਦੇਂਦਿਆਂ ਉਹ ਇੱਕ ਥਾਂ ਲਿਖਦਾ ਹੈ:—

"ਜੀਣਾ ਗ਼ੁਲਾਮ ਦਾ ਨਹੀਂ, ਮਰਨਾ ਗ਼ੁਲਾਮ ਦਾ ਨਹੀਂ।
ਬਹਿਣਾ ਗ਼ੁਲਾਮ ਦਾ ਨਹੀਂ, ਫਿਰਨਾ ਗ਼ੁਲਾਮ ਦਾ ਨਹੀਂ।
ਕੱਦ ਦੇ ਗ਼ੁਲਾਮੀ ਦੇਸ 'ਚੋਂ, ਆਜ਼ਾਦ ਹੋ ਕੇ ਵੱਸ ਤੂੰ!
ਦੁਨੀਆਂ ਹੈ ਜਾਕਣ ਹੱਸਦੀ, ਖੁਲ੍ਹਾਂ 'ਚ ਓਦਾਂ ਹੱਸ ਤੂੰ!"

## ਵਾਰਾਂ ਬਾਰੇ—

### ਅਕਾਲੀ ਫੂਲਾ ਸਿੰਘ ਦੀ ਵਾਰ—

ਇਹ ਵਾਰ ਕਵੀ ਦੀਆਂ ਪਹਲੀਆਂ ਵਾਰਾਂ ਵਿੱਚੋਂ ਇੱਕ ਉੱਤਮ ਤੇ ਸਫਲ ਵਾਰ ਹੈ। ਕਵੀ ਨੇ ਪੰਜਾਬ ਦੀ ਤਾਰੀਖ ਵਿੱਚੋਂ ਇਕ ਸਾਕਾ ਚੁਣ ਕੇ, ਬੀਰ-ਰਸ ਭਰਪੂਰ ਤੇ ਸੁਚੱਜੇ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ। ਉਸ ਨੇ ਮੁਲਤਾਨ ਦੇ ਕਿਲ੍ਹੇ ਨੂੰ ਫਤਹ ਕਰਨ ਦੀ ਇੱਕ ਛੋਟੀ ਜੇਹੀ ਵਾਰਤਾ ਨੂੰ ਬੜੇ ਰੌਚਕ ਢੰਗ ਨਾਲ ਮੂਰਤੀਮਾਨ ਕੀਤਾ ਹੈ, ਕਵੀ ਨੇ ਵਿਸ਼ਯ ਨੂੰ ਐਸੇ ਸੁੰਦਰ ਤਰੀਕੇ ਨਾਲ ਪੇਸ਼ ਕੀਤਾ ਹੈ ਕਿ ਉਹ ਸਾਰਾ ਸਮਾਂ ਅੱਖਾਂ ਸਾਹਮਣੇ ਆ ਜਾਂਦਾ ਹੈ।

### ਵਾਰ ਦਾ ਇਤਿਹਾਸਕ ਪਿਛੋਕੜ—

ਅਕਾਲੀ ਫੂਲਾ ਸਿੰਘ ਸ਼ਹੀਦਾਂ ਦੀ ਮਿਸਲ ਵਿੱਚ ਭਰਤੀ ਹੋ ਚੁੱਕਾ ਸੀ ਤੇ ਹੌਲੀ ਹੌਲੀ ਬੀਰਤਾ ਦੇ ਗਗਨ ਤੇ ਉਸ ਦੀ ਚਮਕ ਦਾ ਪ੍ਰਸਾਰ ਹੋ ਰਹਿਆ ਸੀ। ਸੰਨ ੧੮੦੦ ਤੋਂ ਪਹਲਾਂ ਉਹ ਪਹਾੜੀ ਰਾਜਿਆਂ ਨਾਲ ਤੇ ਪਠਾਣਾਂ ਨਾਲ ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਲੜ ਚੁੱਕਾ ਸੀ। ਪਠਾਣਾਂ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰੇ ਉੱਤੇ ਭੀ ਹੱਲੇ ਕੀਤੇ ਸਨ, ਪਰ ਅਕਾਲੀ ਫੂਲਾ ਸਿੰਘ ਜੀ ਨੇ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਹਰ ਤਰ੍ਹਾਂ ਗੁਰਦੁਆਰੇ ਦੀ ਰੱਖਿਆ ਕੀਤੀ ਸੀ। ਇਸੇ ਕਾਰਣ ਫੂਲਾਂ ਸਿੰਘ ਦੀ ਬਹਾਦਰੀ ਦਾ ਚਰਚਾ, ਪਹਾੜੀ ਇਲਾਕਿਆਂ ਤੋਂ ਵਧ ਕੇ ਮਹਾਰਾਜਾ ਰਣਜੀਤ ਸਿੰਘ ਤਕ ਪਹੁੰਚ ਰਹਿਆ ਸੀ। ਸੰਨ ੧੮੦੦ ਵਿੱਚ ਅਕਾਲੀ ਜੀ ਅੰਮ੍ਰਿਤਸਰ ਆ ਗਏ ਤੇ ਸ਼ਹਰ ਤੋਂ ਬਾਹਰ ਆਪਣੀ ਛਾਉਣੀ ਪਾ ਲੀਤੀ।

ਮਹਾਰਾਜਾ ਸਾਹਿਬ ਅਕਾਲੀ ਫੂਲਾ ਸਿੰਘ ਦੀ ਬਹਾਦਰੀ, ਦਲੇਰੀ ਤੇ ਉੱਚੇ ਸੁੱਚੇ ਜੀਵਨ ਦੀਆਂ ਸਿਫਤਾਂ ਰੋਜ਼ ਸੁਣਤੇ ਸਨ ਤੇ ਕਿਸੇ ਮੌਕੇ ਦੀ ਤਾੜ ਵਿੱਚ ਸਨ ਕਿ ਕਦ ਇਸ ਯੋਧੇ ਨੂੰ ਆਪਣੇ ਪਾਸ ਸੱਦ ਸੱਕਣ। ਆਖਰ ਸੰਨ ੧੮੦੭ ਵਿੱਚ ਇਹ ਮੌਕਾ ਆ ਹੀ ਗਇਆ।

ਇਨ੍ਹਾਂ ਦਿਨਾਂ ਵਿੱਚ ਕਸੂਰ ਦੇ ਪਠਾਣ ਹਾਕਿਮ ਨੇ ਜਹਾਦ ਦਾ ਨਾਅਰਾ ਲਾ ਕੇ, ਮੁਸਲਮਾਨ ਜਨਤਾ ਨੂੰ ਮਹਾਰਾਜਾ ਦੇ ਵਿਰੁਧ ਭੜਕਾ ਦਿੱਤਾ। ਮਹਾਰਾਜਾ ਸਾਹਿਬ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਇਆਂ, ਅਕਾਲੀ ਫੂਲਾ ਸਿੰਘ ਨੂੰ ਉਨ੍ਹਾਂ ਦੇ ਜੱਥੇ ਸਮੇਤ ਲਾਹੌਰ ਸੱਦ ਘੱਲਿਆ। ਬਸ ਫੇਰ ਕੀ ਸੀ, ਅਕਾਲੀ ਜੀ ਦੇ ਜੱਥੇ ਨੇ ਕੁਝ ਦਿਨਾਂ ਵਿੱਚ ਹੀ ਆਕੀ ਇਲਾਕੇ ਨੂੰ ਸੋਧ ਕੇ ਰੱਖ ਦਿੱਤਾ। 'ਗਾਜ਼ੀ' ਪਠਾਣਾਂ ਦਾ ਉਹ ਮੂੰਹ ਭੰਨਿਆ ਕਿ ਉਹ ਆਉਣ ਵਾਲੇ ਦਿਨਾਂ ਵਿੱਚ

ਮੁੜ ਕਦੇ ਭੀ ਸਿਰ ਉੱਚਾ ਨਾ ਕਰ ਸਕੇ। ਫੂਲਾ ਸਿੰਘ ਜੀ ਦੀ ਬਹਾਦਰੀ ਦਾ ਸਿੱਕਾ ਹੁਣ ਪੂਰੀ ਤਰ੍ਹਾਂ ਮਹਾਰਾਜਾ ਦੇ ਦਿਲ ਤੇ ਬੈਠ ਗਇਆ ਤੇ ਉਨ੍ਹਾਂ ਨੂੰ ਕਾਫੀ ਜਾਗੀਰ ਦਿੱਤੀ ਗਈ। ਮਹਾਰਾਜਾ ਜੀ ਨੇ ਉਨ੍ਹਾਂ ਨੂੰ ਲਾਹੌਰ ਰਹਣ ਵਾਸਤੇ ਭੀ ਕਹਿਆ, ਪਰ ਉਹ ਅੰਮ੍ਰਿਤਸਰ 'ਗੁਰਾਂ ਦੀ ਨਗਰੀ' ਵਿੱਚ ਹੀ ਰਹਣਾ ਪਸੰਦ ਕਰਦੇ ਹਨ।

ਸੰਨ ੧੮੧੬ ਵਿੱਚ ਜਦ ਮਹਾਰਾਜਾ ਰਣਜੀਤ ਸਿੰਘ ਕੋਲੋਂ ਮੁਲਤਾਨ ਦਾ ਕਿਲ੍ਹਾ ਫਤਹ ਨਾ ਹੋਇਆ ਤਾ ਉਨ੍ਹਾਂ ਨੂੰ ਫੇਰ ਬਹਾਦਰ ਜਰਨੈਲ, ਅਕਾਲੀ ਫੂਲਾ ਸਿੰਘ ਦੀ ਜ਼ਰੂਰਤ ਪਈ। ਏਥੋਂ ਹੀ ਕਵੀ 'ਚਾਤਰ' ਦੀ ਵਾਰ ਸ਼ੁਰੂ ਹੁੰਦੀ ਹੈ :—

## ( ੩ )

ਅਕਾਲੀ ਫੂਲਾ ਸਿੰਘ ਜੀ ਹਥਿਆਰਾਂ ਨਾਲ ਸਜੇ-ਸਜਾਏ ਅਕਾਲ ਤਖਤ ਤੇ ਬੈਠੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਉਨ੍ਹਾਂ ਨੂੰ ਆਪਣੀ ਮੁਸ਼ਕਿਲ ਤੇ ਬਿਪਤਾ ਦਸਣ ਆਏ ਹਨ। ਕਵੀ ਜ਼ੋਰਦਾਰ ਤੇ ਪੁਰਜੋਸ਼ ਬਯਾਨ ਦ੍ਵਾਰਾ ਇਸ ਦ੍ਰਿਸ਼ ਨੂੰ ਪੇਸ਼ ਕਰਦਾ ਹੈ :—

"ਓਦ੍ਹੇ ਸੂਰਜ ਵਰਗੇ ਚੱਕਰਾਂ ਦਾ ਰੁਤਬਾ ਆਲੀ,
ਲੱਕ ਲਟਕੇ ਪਈ ਬਹਾਦਰੀ, ਮੂੰਹ ਭੱਖਦੀ ਲਾਲੀ।
ਓਹ ਈਨ ਮਨਾਵੇ ਮੌਤ ਨੂੰ, ਜਦ ਫੜੇ ਭੁਚਾਲੀ,
ਓਦ੍ਹੇ ਅੱਗੇ ਸ਼ੇਰ ਪੰਜਾਬ ਦਾ ਬਣ ਖੜਾ ਸਵਾਲੀ।
ਤੇ ਗੱਲ ਸੁਣਾਵੇ ਇਸ ਤਰ੍ਹਾਂ, ਜੰਗ ਜੁੱਧਾਂ ਵਾਲੀ :
"ਹੋ ਗਿਆ ਮੁਜ਼ਫਰ ਖਾਨ ਜਾਂ, ਸਿੰਘਾਂ ਤੋਂ ਆਕੀ,
ਨਾ ਭੇਜੇ ਉਸ ਨੇ ਮਾਮਲੇ, ਨਾ ਦਿੱਤੀ ਬਾਕੀ।
ਤਦ ਚੜ੍ਹਿਆ ਸਾਂ ਮੁਲਤਾਨ ਤੇ ਲੈ ਫੌਜ ਬਥੇਰੀ,
ਜਾ ਭੀੜ ਮੁਜ਼ਫਰ ਖਾਨ ਦੀ, ਮੈਂ ਰਣ ਵਿਚ ਘੇਰੀ।
ਓਥੇ ਸੌ ਸੌ ਤੋਪਾਂ ਚਲੀਆਂ, ਸਨ ਇਕੋ ਵੇਰੀ,
ਓਥੇ ਰਣ ਵਿੱਚ ਗੋਲੇ ਗੂੰਜ ਕੇ, ਲੈ ਆਏ ਅਨ੍ਹੇਰੀ।
ਤਦ ਉੱਡਣ ਲੱਗੇ ਸੂਰਮੇ, ਜਿਉਂ ਪੱਤੇ ਬੇਰੀ,
ਜਦ ਫੌਜ ਮੁਜ਼ਫਰ ਖਾਨ ਦੀ, ਮਰ ਗਈ ਚੰਗੇਰੀ।
ਉਹ ਝੱਟ ਕਿਲ੍ਹੇ ਵਿੱਚ ਵਗ ਗਿਆ, ਕਰ ਹੇਰਾ-ਫੇਰੀ,
ਪਰ ਸਾਥੋਂ ਟੁੱਟਾ ਕਿਲ੍ਹਾ ਨਾ, ਢਹਿ ਗਈ ਦਲੇਰੀ।"

ਤੇ ਫੇਰ ਅਕਾਲੀ ਜੀ ਅੱਗੇ ਅਰਜ਼ ਗੁਜ਼ਾਰਦੇ ਹਨ :

"ਹੁਣ ਤੈਨੂੰ ਸ਼ਰਮਾਂ ਸਾਰੀਆਂ, ਹੇ ਬੀਰ ਅਕਾਲੀ !
ਤੇਰਾ ਵੇਖ ਦੁਮਾਲਾ ਮੌਤ ਦੀ, ਉਡ ਜਾਂਦੀ ਲਾਲੀ ;
ਚਲ ਤੋੜ ਕਿਲ੍ਹਾ ਮੁਲਤਾਨ ਦਾ, ਰਣ ਖੇਡ ਗੁਲਾਲੀ,
ਮੈਂ ਦਰ ਤੇਰੇ ਤੇ ਆ ਗਿਆ, ਨਿੱਤ ਵਾਂਗ ਸਵਾਲੀ ।"

ਅਕਾਲੀ ਫੂਲਾ ਸਿੰਘ ਜੀ ਮਹਾਰਾਜਾ ਦੀ ਗੱਲ ਸੁਣ ਕੇ ਇੱਕ ਬੀਰਤਾ ਭਰਿਆ ਪ੍ਰਣ ਕਰਦੇ ਹਨ :

"ਜਦ ਸੁਣ ਲਈ ਗੱਲ ਰਣਜੀਤ ਦੀ, ਉਸ ਸ਼ੇਰ ਲੜਾਕੇ,
ਇਉਂ ਕਲਗੀਧਰ ਆਰਾਧਿਆ, ਗਲ ਪੱਲਾ ਪਾ ਕੇ—
ਅੱਜ ਬਲ ਬਖਸ਼ੀਂ ਤੂੰ ਸਤਿਗੁਰਾ, ਗੜ੍ਹ ਮਾਰਾਂ ਜਾ ਕੇ,
ਮੈਂ ਆਕੀ ਤੇਰੇ ਪੰਥ ਦੇ, ਛੱਡਾਂ ਕੜਕਾ ਕੇ ।
ਮੈਂ ਵਹਿਣ ਵਗਾਵਾਂ ਖ਼ੂਨ ਦੇ, ਕਰ ਖ਼ੂਨੀ ਸਾਕੇ,
ਤੇ ਮੁੜਾਂ ਪਠਾਣੀ ਜ਼ਾਤ ਦੇ ਘਰ ਵੈਣ ਪਵਾ ਕੇ ।

ਅਕਾਲੀ ਜੀ ਦੇ ਰਣ ਵਿੱਚ ਪਹੁੰਚਦਿਆਂ ਹੀ ਫੌਜਾਂ ਦੇ ਹੌਸਲੇ ਬਲੰਦ ਹੁੰਦੇ ਹਨ, ਦ੍ਰਿਸ਼ ਨੂੰ ਕਵੀ ਦੀ ਬਲਵਾਨ ਕਲਮ ਸੁਚੱਜੇ ਢੰਗ ਨਾਲ ਅੰਕਿਤ ਕਰਦੀ ਹੈ :

"ਸੀ ਜਿਨ੍ਹਾਂ ਅੱਗੇ ਲੜਦਿਆਂ, ਦਿਲ ਰਣ ਵਿੱਚ ਛੱਡੇ,
ਉਨ੍ਹਾਂ ਦੇਖ ਅਕਾਲੀ ਫੌਜ ਨੂੰ, ਮੁੜ ਗੱਡੇ ।
... ... ... ...
ਤੇ ਕੱਢੇ ਗੁੱਸੇ ਦਿਲਾਂ ਦੇ, ਗੁੱਸੇ ਭੜਕਾ ਕੇ ।
ਤੇ ਬੀੜੀ ਤੋਪ ਅਕਾਲੀਆਂ, ਸਤਿਗੁਰੂ ਧਿਆ ਕੇ,
ਅੱਗ ਲਾਈ ਗੋਲ-ਅੰਦਾਜ਼ ਨੇ, ਬਣ ਅੱਗ ਭੂਬਾਕੇ !"

ਭੰਗੀਆਂ ਦੀ ਤੋਪ ਦਾ ਚਲਣਾ :

"ਜਦ ਭੰਗੀਆਂ ਵਾਲੀ ਤੋਪ ਨੂੰ, ਲੱਗ ਗਏ ਪਲੀਤੇ,
ਤਦ ਜੀ-ਭਿਆਣੇ ਨੱਸ ਤੁਰੇ, ਛੱਡ ਜੰਗਲ ਚੀਤੇ ।
ਜਦ ਗੋਲਿਆਂ ਨੇ ਮੂੰਹ ਕਿਲ੍ਹੇ ਨੂੰ, ਆ ਸਿੱਧੇ ਕੀਤੇ,
ਡਰ ਡਰ ਕੇ ਤੂਈਆਂ ਸ਼ੀਹਣੀਆਂ, ਗਏ ਹਾਥੀ ਪੀਤੇ ।
ਜਦ ਕੰਧ ਦੀਆਂ ਇੱਟਾਂ ਉਡੀਆਂ, ਹੋ ਫੀਤੇ-ਫੀਤੇ ।"

ਕਿਲ੍ਹੇ ਦੀ ਦੀਵਾਰ ਟੁੱਟਣ ਤੇ ਖਾਲਸਾ ਫੌਜ ਅੰਦਰ ਦਾਖਿਲ ਹੋ ਜਾਂਦੀ ਹੈ ਤੇ ਮੁਜ਼ੱਫਰਖਾਨ ਨੂੰ ਮਜਬੂਰਨ ਫੌਜ ਸਮੇਤ ਬਾਹਰ ਖੁਲ੍ਹੇ ਮੈਦਾਨ 'ਚ ਆਉਣਾ ਪੈਂਦਾ ਹੈ ।

ਏਥੇ ਕਵੀ ਨੇ ਬੜੀ ਦਿਆਨਤਦਾਰੀ ਨਾਲ ਦੂਸਰੇ ਪੱਖ ਦੇ ਨਾਇਕ ਮੁਜ਼ਫਰਖਾਨ ਦੀ ਬਹਾਦਰੀ ਨੂੰ ਮੂਰਤੀਮਾਨ ਕੀਤਾ ਹੈ। ਦੁਸ਼ਮਣ ਦੀ ਬਹਾਦਰੀ ਦਾ ਜ਼ਿੱਕਰ ਹਮੇਸ਼ਾ ਹੀ ਕਵੀ ਚੰਗੇ ਸ਼ਬਦਾਂ ਵਿੱਚ ਕਰਦੇ ਆਏ ਹਨ। ਕਵੀ ਦੀਆਂ ਹੇਠਲੀਆਂ ਤੁਕਾਂ ਪੜ੍ਹ ਕੇ ਰਾਮਾਇਣ ਵਿੱਚ ਬਿਆਨ ਕੀਤੇ, ਮੇਘ ਨਾਥ ਦੀ ਬਹਾਦਰੀ ਯਾਦ ਆ ਜਾਂਦੀ ਹੈ।

ਮੁਜ਼ਫਰਖ਼ਾਨ ਦਾ ਗੁੱਸਾ

"ਇਹ ਦੇਖ ਮੁਜ਼ਫਰਖ਼ਾਨ ਨੇ, ਰਣ ਤੇਗ਼ ਵਗਾਈ,
ਓਹਨੂੰ ਚੜ੍ਹਿਆ ਗੁੱਸਾਂ ਦੇਖਕੇ, ਮੱਚ ਗਈ ਦੁਹਾਈ।
ਇਉਂ ਬੀਰਾਂ ਦੇ ਸਿਰ ਲੱਥ ਕੇ, ਧੜ ਦੇਣ ਵਿਖਾਈ,
ਜਿਉਂ ਮੰਡੀ ਪਈਆਂ ਬੋਰੀਆਂ, ਲਾ ਗਏ ਧੜਵਾਈ।
ਓਸ ਧਾਰ ਵਹਾ ਕੇ ਖ਼ੂਨ ਦੀ, ਇੱਕ ਨਦੀ ਬਣਾਈ,
ਵਿੱਚ ਲੋਥਾਂ ਮੱਛਾਂ ਵਰਗੀਆਂ, ਕਈ ਦੇਣ ਦਿਖਾਈ।

ਅੰਤ ਵਿੱਚ ਤੇ ਕਵੀ 'ਆਮ੍ਹੋ-ਸਾਹਮਣੇ' ਜੰਗ ਦਾ ਨਜ਼ਾਰਾ ਪੇਸ਼ ਕਰਦਾ ਹੈ। ਇਹ ਇੱਕ ਤਰ੍ਹਾਂ ਫੈਸਲੇ ਦੀ ਆਖਰੀ ਘੜੀ ਹੁੰਦੀ ਹੈ ਜਦੋਂ ਕਿ ਦੋਵੇਂ ਨਾਇਕ ਆਪਸ ਵਿੱਚ ਸੰਗ੍ਰਾਮ ਕਰਦੇ ਹਨ।

ਅਕਾਲੀ ਫੂਲਾ ਸਿੰਘ ਤੇ ਮੁਜ਼ਫਰਖ਼ਾਨ ਦੀ ਆਮ੍ਹੋ-ਸਾਹਮਣੇ ਲੜਾਈ ਦਰਸਾਣ ਵਾਲੀ ਇਹ 'ਕਾਵਿ-ਟੁਕੜੀ' ਉੱਚ ਪਾਏ ਦੇ ਪੂਰਣ 'ਬੀਰ ਰਸ' ਦਾ ਨਮੂਨਾ ਹੈ। ਮਹਾਂਭਾਰਤ ਵਿੱਚ 'ਕਰਣ' ਤੇ 'ਅਰਜਨ' ਦਾ ਯੁੱਧ, ਰਾਮਾਇਨ ਵਿੱਚ 'ਮੇਘਨਾਦ' ਤੇ 'ਲਛਮਣ' ਦੀ ਲੜਾਈ ਤੇ ਫਿਰਦੌਸੀ ਦੇ ਸ਼ਾਹ ਨਾਮੇਂ ਵਿੱਚ 'ਰੁਸਤਮ' ਤੇ 'ਸੁਹਰਾਬ' ਦਾ ਜੰਗ ਪੁਰਾਣੇ ਮਹਾਂਕਾਵਾਂ ਤੇ ਜੰਗ ਨਾਮਿਆਂ ਦੀ ਜਿੰਦ-ਜਾਨ ਹਨ, ਪਰ 'ਚਾਤਰ' ਨੇ ਭੀ ਉਸੇ ਤਰ੍ਹਾਂ ਦਾ ਦਰਿਸ਼ ਬੜੀ ਖ਼ੂਬੀ ਨਾਲ ਪੇਸ਼ ਕੀਤਾ ਹੈ :-

"ਰਣ ਲੱਥੇ ਦੋਵੇਂ ਸੂਰਮੇਂ, ਜੋਰਾਵਰ ਭਾਰੇ,
ਉਹ ਗੱਜਨ ਬਦਲ ਵਾਂਗਰਾਂ, ਕਰ ਸੁੱਖਨ ਕਰਾਰੇ।
ਵਾਹ ! ਤੇਗ਼ਾਂ ਬਣੀਆਂ ਬਿਜਲੀਆਂ, ਮਾਰਨ ਲਿਸ਼ਕਾਰੇ,
ਤੇ ਢਾਲਾਂ ਉੱਤੇ ਜਾਂਵਦੇ, ਉਹ ਵਾਹ ਸਹਾਰੇ।
ਪਰ ਫਿਰ ਵੀ ਪੱਛੇ ਗਏ ਉਹ ਸਾਰੇ ਦੇ ਸਾਰੇ।
ਰੱਤ ਨਿਕਲੇ ਥੰਨ੍ਹ ਤਤੀਰਿਆਂ, ਇਉਂ ਦੇਣ ਨਜ਼ਾਰੇ,
ਜਿਉਂ ਬਾਗਾਂ ਦੇ ਵਿੱਚ ਚਲਦੇ ਰੰਗਦਾਰ ਫਵਾਰੇ,
ਪਰ ਇੱਕ ਦੂਜੇ ਨੂੰ ਮਾਰਦੇ ਹੋ ਪੱਬਾਂ ਭਾਰੇ !

ਐਸੀਆਂ ਬੀਰ ਰਸ ਭਰਪੂਰ ਕਾਵਿ ਟੁਕੜੀਆਂ ਪੰਜਾਬੀ ਕਾਵਿ ਦੀਆਂ

ਜਿੰਦ-ਜਾਨ ਹਨ। ਜੇ ਅੱਜ ਨਹੀਂ ਤਾਂ ਆਉਣ ਵਾਲਾ ਸਮਾਂ ਇਨ੍ਹਾਂ ਦੀ ਕੱਦਰ ਕਰੇਗਾ।

## ਕਵਿਤਾ ਵਿੱਚ ਆਏ ਅਲੰਕਾਰ, ਰਸ ਤੇ ਰੀਤੀ ਆਦਿ।

ਭਾਸ਼ਾ ਕਵਿਤਾ ਦਾ ਸਰੀਰ ਹੈ ਤੇ ਅਲੰਕਾਰ ਸਰੀਰ ਦੀ ਸੁੰਦਰਤਾ ਵਿੱਚ ਵਾਧਾ ਕਰਦੇ ਹਨ। ਵਾਰਾਂ ਨੂੰ ਭੀ ਕਈ ਤਰ੍ਹਾਂ ਦੇ ਅਲੰਕਾਰ ਸੁੰਦਰਤਾ ਪ੍ਰਦਾਨ ਕਰਦੇ ਹਨ। ਆਮ ਤੌਰ ਤੇ ਵਾਰ ਵਿੱਚ ਉਪਮਾ, ਅਤਿ ਕੱਥਨੀ, ਅਸੰਭਵ ਤੇ ਰੂਪਕ ਆਦਿ ਅਲੰਕਾਰ ਹੀ ਆਉਂਦੇ ਹਨ। 'ਚਾਤਰ' ਜੀ ਨੇ ਆਪਣੀ ਵਾਰ ਵਿੱਚ ਮੁਨਾਸਬ ਮੌਕੇ ਤੇ ਅਲੰਕਾਰ ਵਰਤ ਕੇ ਆਪਣੀ ਵਾਰ ਨੂੰ ਸਜਾਇਆ ਤੇ ਸਵਾਰਿਆ ਹੈ। ਸਿੰਘਾਂ ਦੇ ਜੈਕਾਰੇ ਵਿੱਚ 'ਅਸੰਭਵ' ਅਲੰਕਾਰ ਦੀ ਚਮਕ ਤੇ ਸ਼ਾਨ ਦੇਖਣ ਵਾਲੀ ਹੈ :—

"ਜਦ ਸਿੰਘਾਂ ਸ੍ਰੀ ਅਕਾਲ ਦੇ ਜੈਕਾਰੇ ਬੋਲੇ,
ਤਦ ਸੱਤੇ ਧਰਤਾਂ ਕੰਬੀਆਂ, ਸੁਣ, ਪਰਬਤ ਡੋਲੇ।
ਤੇ ਲੱਥਾਂ ਸਾਗਰ ਸਹਿਮਕੇ ਖਾਵੇ ਹਿੱਚ ਕੋਲੇ,
ਅੰਬਰ ਦਾ ਰੰਗ ਵੱਟਿਆ, ਪਏ ਟਿੱਕੇ ਚੋਲੇ;
ਤੇ ਡਰਦਾ ਸੂਰਜ ਲੁਕਗਿਆ ਬਦਲਾਂ ਦੇ ਓਲ੍ਹੇ।"

"ਭੰਗੀਆਂ ਦੀ ਤੋਪ" ਵਿੱਚ 'ਅਤਿ ਕੱਥਨੀ' ਅਲੰਕਾਰ ਨੂੰ ਬੜੇ ਜ਼ੋਰਦਾਰ ਸ਼ਬਦਾਂ ਤੇ ਸੁੰਦਰ ਢੰਗ ਨਾਲ ਬਿਆਨਿਆ ਗਿਆ ਹੈ:—

"ਜਦ ਭੰਗੀਆਂ ਵਾਲੀ ਤੋਪ ਨੂੰ ਲੱਗ ਗਏ ਪਲੀਤੇ,
ਤਦ ਜੀ ਭਿਆਣੇ ਨੱਸ ਤੁਰੇ ਛੱਡ ਜੰਗਲ ਚੀਤੇ।
ਜਦ ਗੋਲਿਆਂ ਨੇ ਮੂੰਹ ਕਿਲੇ ਨੂੰ ਆ ਸਿੱਧੇ ਕੀਤੀ,
ਡਰ-ਡਰ ਕੇ ਤੁਈਆਂ ਸ਼ੀਹਣੀਆਂ, ਗਏ ਹਾਥੀ ਪੀਤੇ।"

ਕੁਝ ਉਪਮਾਵਾ ਭੀ ਧਿਆਨ ਜੋਗ ਹਨ :—

"ਇਉਂਰਣ ਵਿੱਚ ਤੇਗਾਂ ਉਡੀਆਂ, ਜਿਉਂ 'ਉਡਣ' ਪਰੀਆਂ,
ਜਿਉਂ ਉਡਦੇ ਸ਼ੂਕਣ 'ਉਡਣੇ' ਤਿਉਂ ਨਿਕਲਣ ਸਰੀਆਂ।
ਸਿਰ ਚੱਕਰ ਸੋਭਣ ਉਨ੍ਹਾਂ ਦੇ ਇਉਂ ਦੇਣ ਦਿਖਾਲੀ,
ਜਿਉਂ ਕੱਠੀਆਂ ਹੋਈਆਂ ਬਿਜਲੀਆਂ, ਅੰਦਰ ਘੱਟ ਕਾਲੀ।
"ਰੱਤ ਨਿਕਲੇ ਬੰਨ੍ਹ ਤਤੀਰੀਆਂ ਇਉਂ ਦਏ ਨਜ਼ਾਰੇ,
ਜਿਉਂ ਬਾਗ਼ਾਂ ਦ ਵਿੱਚ ਚਲ ਦੇ, ਰੰਗਦਾਰ ਫਵਾਰੇ।"

ਇਸੇ ਤਰ੍ਹਾਂ ਦੀਆਂ ਹੋਰ ਨਵੀਆਂ ਤੇ ਅਨੋਖੀਆਂ ਉਪਮਾਵਾਂ ਨਾਲ ਕਵੀ ਨੇ

ਆਪਣੀ ਵਾਰ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਸਵਾਰਿਆ, ਸਜਾਇਆ ਤੇ ਬਣਾਇਆ ਹੈ। ਉਪਮਾਵਾਂਦੀ ਤਰ੍ਹਾਂ ਕਵੀ ਨੇ ਰੂਪਕ ਭੀ ਖ਼ੂਬ ਬਣਾਏ ਹਨ ਜਿਵੇਂ ਕਿ ਤਲਵਾਰ ਲਈ:—

"ਲੱਕ ਲਟਕੇ ਪਈ 'ਬਹਾਦਰੀ'। 'ਤਲਵਾਰ' ਨੂੰ 'ਬਹਾਰਦੀ' ਦਾ ਰੂਪ ਦੇਣਾ, ਕਵੀ ਦਾ ਚੰਗਾ ਚਮਤਕਾਰ ਹੈ ਤੇ ਅਨੇਕ ਹੀ ਇਸ ਤਰ੍ਹਾਂ ਦੇ ਨਵੇਂ-ਨਵੇਂ ਰੂਪਾਂ ਨਾਲ ਉਸਦੀ ਬਾਣੀ ਅਸਰ-ਭਰਪੂਰ ਹੋ ਗਈ।

ਚਾਹੇ ਭਾਸ਼ਾ ਕਵਿਤਾ ਦਾ ਸਰੀਰ ਹੈ ਤੇ ਅਲੰਕਾਰ ਉਸ ਦੀ ਸੁੰਦਰਤਾ ਨੂੰ ਵਧਾਉਂਦੇ ਹਨ, ਪਰ 'ਰਸ' ਕਵਿਤਾ ਦੀ ਆਤਮਾ ਹੈ। 'ਰਸ' ਨਾਲ ਭਰਪੂਰ ਬਾਣੀ ਹੀ ਸਦਾ ਜੀਵਿਤ ਰਹਣ ਵਾਲੀ ਤੇ ਜੀਵਨ ਦਾਤੀ ਹੁੰਦੀ ਹੈ। ਜਿਵੇਂ ਬਹਾਰ ਵਿੱਚ ਸਭ ਦਰਖਤ ਤੇ ਬੂਟੇ ਹਰੇ-ਭਰੇ ਵਿਖਾਈ ਦੇਂਦੇ ਹਨ ਇਸੇ ਤਰ੍ਹਾਂ 'ਰਸ' ਦੇ ਆਸਰੇ ਨਾਲ, ਪਹਿਲਾਂ ਦੇ ਸਮਲੇ ਤੇ ਦੇਖੇ ਹੋਏ ਅਰਥ ਵੀ ਨਵੇਂ ਅਰਥ ਧਾਰਣ ਕਰ ਲੈਂਦੇ ਹਨ। ਇਸ ਤਰ੍ਹਾਂ ਆਖਿਰਕਾਰ 'ਰਸ' ਜਾਗ੍ਰਤ ਤੇ ਖੇੜੇ ਦਾ ਕਾਰਣ ਬਣਦਾ ਹੈ।

'ਚਾਤਰ' ਜੀ ਦੀ ਕਵਿਤਾ ਵੀ ਆਤਮਾ ਦੇ ਬੀਰ-ਗੁਣ ਤੋਂ ਉਪਜੀ, 'ਬੀਰ ਰਸ' ਨਾਲ ਡੁਲ੍ਹ-ਡੁਲ੍ਹ ਪੈਂਦੀ ਬਾਣੀ ਹੈ। ਇਸ ਦੇ ਸਥਾਈ ਭਾਵ ਉਤਸਾਹ ਤੇ ਗੁੱਸਾ ਹਨ। ਉਤਸਾਹ ਅਜ਼ਾਦੀ ਲਈ ਤੜਪ ਹੈ ਤੇ ਗੁੱਸਾ ਜਾਂ ਕ੍ਰੋਧ, ਗੁਲਾਮੀ ਤੇ ਜਹਾਲਤ ਤੋਂ ਪਵਿੱਤ੍ਰ ਨਫਰਤ ਹੈ।

ਕਾਵਿ ਦੇ ਤਿੰਨ ਗੁਣਾਂ ਚੋਂ 'ਚਾਤਰ' ਦੀ ਕਵਿਤਾ "ਓਜਗੁਣ" ਵਾਲੀ ਹੈ ਜੋ ਚਿੱਤ ਨੂੰ ਉੱਤੇਜਨਾ ਦੇਂਦੀ ਹੈ ਤੇ ਉਤਸਾਹ ਵਧਾਕੇ 'ਕਰਮ' ਲਈ ਨਵਾਂ ਜੋਸ਼ ਪੈਦਾ ਕਰਦੀ ਹੈ।

ਕਾਵਿ ਆਚਾਰੀਆਂ ਨੇ ਕਾਵਿ ਦੀਆਂ ਚਾਰ ਰੀਤੀਆਂ ਮੰਨੀਆਂ ਹਨ। ਉਨ੍ਹਾਂ ਨੇ ਗੁਣਾਂ ਦੇ ਅਨੁਕੂਲ 'ਪਦ-ਰਚਨਾ' ਨੂੰ ਰੀਤੀ ਕਹਿਆ ਹੈ। ਕਵੀ 'ਚਾਤਰ' ਦੀਆਂ ਵਾਰਾਂ 'ਗੌੜੀ ਰੀਤੀ' ਦੀਆਂ ਹਨ। ਇਸ ਵਿੱਚ ਓਜ-ਗੁਣ ਦੇ ਅਨੁਕੂਲ, ਸ਼ਬਦ-ਯੋਜਨਾ ਹੈ ਤੇ ਸ਼ਬਦਾਂ ਦਾ ਵਿਕਾਸ ਭੀ ਹੈ। ਇਸ ਰੀਤੀ ਵਿੱਚ (ਟ) ਵਰਗ ਤੇ (ੜ) ਦੀ ਵਰਤੋਂ ਆਮ ਹੁੰਦੀ ਹੈ।

ਭਾਵ ਤੇ ਕਲਾ ਦੇ ਪੱਖ ਤੋਂ 'ਚਾਤਰ' ਦੀਆਂ ਵਾਰਾਂ ਬਹੁਤ ਚੰਗੀਆਂ ਹਨ। ਉਸ ਨੇ ਅਪਣੀ ਕਵਿਤਾ ਵਿੱਚ, ਦੇਸ਼-ਪਿਆਰ, ਕੁਰਬਾਨੀ, ਤਿਆਗ, ਪ੍ਰੇਮ, ਬਹਾਦਰੀ ਤੇ ਸਚਾਈ ਦੇ ਸੋਹਲੇ ਗਾਏ ਹਨ।

'ਚਾਤਰ' ਜੀ ਦੀਆਂ ਨਿਮਨ ਲਿਖਿਤ ਵਾਰਾਂ ਵੀ ਕਲਾ ਪੱਖ ਤੇ ਭਾਵ ਪੱਖ ਤੋਂ

ਉੱਚ ਪਾਏ ਦੀਆਂ ਹਨ। ਨਾਂ ਇਸ ਪ੍ਰਕਾਰ ਹਨ :

੧. ਵਾਰ ਮਹਾਰਾਜਾ ਪੋਰਸ।
੨. ਵਾਰ ਬਾਬਾ ਦੀਪ ਸਿੰਘ ਜੀ 'ਸ਼ਹੀਦ'।
੩. ਵਾਰ ਸ੍ਰ: ਮਹਿਤਾਬ ਸਿੰਘ ਤੇ ਸੁੱਖਾ ਸਿੰਘ।
੪. ਵਾਰ ਕੌੜਾ ਮਲ।
੫. ਵਾਰ ਬੰਦੀ ਛੋੜ।
੬. ਵਾਰ ਸ਼ਾਮ ਸਿੰਘ ਅਟਾਰੀ ਵਾਲੇ।
੭. ਦਰਦਾਂ ਦੀ ਵਾਰ (ਤੇਗਾ ਸਿੰਘ)।
੮. ਸਿੰਘ ਦੀ ਵਾਰ।
੯. ਸ਼ਹੀਦ ਊਧਮ ਸਿੰਘ ਦੀ ਵਾਰ।
੧੦. ਦੋ ਵਾਰਾਂ ਆਦਿ।

ਇਨ੍ਹਾਂ ਸੁੰਦਰ ਵਾਰਾਂ ਰਾਹੀਂ ਕਵੀ ਨੇ ਪੰਜਾਬ ਦੇ ਪੁਰਾਤਨ ਤੇ ਮੌਲਿਕ 'ਕਾਵਿ-ਰੂਪ' ਨੂੰ ਬੜੀ ਮਿਹਨਤ ਨਾਲ ਜੀਵਤ ਰੱਖਿਆ ਹੈ ਤੇ ਇਨ੍ਹਾਂ ਬਾਰੇ ਅਜੇ ਬਹੁਤ ਕੁਝ ਲਿਖਣ ਦੀ ਲੋੜ ਹੈ।

—o—


ਆਪਣੇ ਬਹੁ-ਮੁਲੇ ਲੇਖ ਭੇਜ ਕੇ

**ਮਾਤ-ਭਾਸ਼ਾ ਪੰਜਾਬੀ**

ਦੀ ਸੇਵਾ ਕਰੋ

ਮੂਲ ਲੇਖਕ : ਰਾਮ ਚੰਦ੍ਰ ਸ਼ੁਕਲ—

ਅਨੁਵਾਦਕ : ਕੁਲਬੀਰ ਸਿੰਘ ਕਾਂਗ—

# ਕਵਿਤਾ ਕੀ ਹੈ ?

(ਲੜੀ ਜੋੜਨ ਲਈ ਵੇਖੋ ਆਲੋਚਨਾ ਫਰਵਰੀ ੧੯੬੨)

ਮੁਕਦੀ ਗੱਲ ਇਹ ਹੈ ਕਿ ਕੇਵਲ ਖਾਸ ਸੁਭਾਵ ਦੀ ਰੁਚੀ ਸੱਚੇ ਪ੍ਰੇਮ ਦੀ ਪਹਿਚਾਨ ਨਹੀਂ ਹੈ। ਸ਼ੋਭਾ ਅਤੇ ਸੁੰਦਰਤਾ ਦੀ ਭਾਵਨਾ ਦੇ ਨਾਲ, ਜਿਸ ਵਿੱਚ ਮਾਨਵ-ਜਾਤੀ ਦੇ ਉਸ ਸਮੇਂ ਦੇ ਪੁਰਾਣੇ ਸਾਥੀਆਂ ਦੀ ਵੰਸ਼-ਪਰੰਪਰਾਗਤ ਚਲੀ ਆ ਰਹੀ ਯਾਦ ਵਾਸਨਾ ਦੇ ਰੂਪ ਵਿੱਚ ਬਣੀ ਹੋਈ ਹੈ। ਜਦ ਕਿ ਉਹ ਕੁਦਰਤ ਦੇ ਖੁਲ੍ਹੇ ਖੇਤਰ ਵਿੱਚ ਵਿਚਰਦੀ ਸੀ, ਉਹ ਹੀ ਪੂਰੇ ਭਾਵਕ ਅਤੇ ਪ੍ਰੇਮੀ ਕਹੇ ਜਾ ਸਕਦੇ ਹਨ। ਜੰਗਲੀ ਅਤੇ ਪੇਂਡੂ ਦੋਨੋਂ ਪ੍ਰਕਾਰ ਦੇ ਜੀਵਨ ਪੁਰਾਣੇ ਹਨ। ਦੋਵੇਂ ਜੀਵਨ ਹੀ ਪੌਦਿਆਂ, ਪਸ਼ੂ; ਪੰਛੀਆਂ ਨਦੀ ਨਾਲਿਆਂ ਅਤੇ ਦਰਖਤਾਂ, ਪਰਬਤ-ਮੈਦਾਨਾਂ ਦੇ ਗੁਜ਼ਰਦੇ ਸਨ, ਇਸ ਲਈ ਕੁਦਰਤ ਦੇ ਬਹੁਤੇ ਰੂਪਾਂ ਨਾਲ ਉਨ੍ਹਾਂ ਦਾ ਸੰਬੰਧ ਹੈ। ਅਸੀਂ ਦਰਖਤਾਂ, ਪੌਦਿਆ ਅਤੇ ਪੰਛੀਆਂ ਤੋਂ ਸੰਬੰਧ ਤੋੜਕੇ ਵਡੇ-ਵਡੇ ਨਗਰਾਂ ਵਿੱਚ ਆ ਕੇ ਵਸ ਗਏ, ਪਰ ਉਨ੍ਹਾਂ ਬਿਨਾਂ ਰਹਆ ਨਹੀਂ ਜਾਂਦਾ ਅਸੀਂ ਉਨ੍ਹਾਂ ਨੂੰ ਹਰ ਵੇਲੇ ਆਪਣੇ ਕੋਲ ਨਾ ਰਖ ਕੇ ਇੱਕ ਘੇਰੇ ਵਿੱਚ ਬੰਦ ਕਰ ਦੇਂਦੇ ਹਾਂ ਅਤੇ ਕਦੇ-ਕਦੇ ਆਪਣੇ ਮਨ ਨੂੰ ਬਹਲਾਉਣ ਲਈ ਉਨ੍ਹਾਂ ਦੇ ਕੋਲ ਚਲੇ ਜਾਂਦੇ ਹਾਂ। ਅਸੀਂ ਉਨ੍ਹਾਂ ਦਾ ਸਾਥ ਛਡਣ ਤੇਂ ਅਸਮਰਥ ਹਾਂ। ਕਬੂਤਰ ਸਾਡੇ ਘਰਾਂ ਦੇ ਛਜਿਆਂ ਹੇਠ ਸੁਖਪੂਰਵਕ ਸੌਂਦੇ ਹਨ। ਗੌਰੇ ਸਾਂਡੇ ਘਰਾਂ ਵਿੱਚ ਆ ਕੇ ਬੈਠਦੇ ਹਨ, ਅਤੇ ਬਿੱਲੀ ਆਪਣਾ ਹਿੱਸਾ ਜਾ ਕੇ ਮਿਆਉਂ ਮਿਆਉਂ ਕਰ ਕੇ ਮੰਗਦੀ ਹੈ ਜਾ ਚੋਰੀ ਕਰ ਕੇ ਲੈ ਜਾਂਦੀ ਹੈ। ਕੁੱਤੇ ਘਰਾਂ ਦੀ ਰਖਵਾਲੀ ਕਰਦੇ ਹਨ, ਅਤੇ ਵਾਸਦੇਵ ਜੀ (ਸੱਪ) ਕਦੇ ਕਦੇ ਦੀਵਾਰਾਂ ਤੋੜ ਕੇ ਨਿਕਲ ਪੈਂਦੇ ਹਨ। ਬਰਸਾਤ ਦੇ ਦਿਨਾਂ ਵਿੱਚ ਜਦ ਸੁਰਖੀ ਚੂਨੇ ਦੀ ਕਢਾਵੀ ਦੀ ਪ੍ਰਵਾਹ ਨਾ ਕਰਕੇ ਹਰੀ-ਹਰੀ ਘਾਹ ਪੁਰਾਣੀਆਂ ਛਤਾਂ ਤੋਂ ਨਿਕਲਣ ਲਗਦੀ ਹੈ, ਤਦ ਸਾਨੂੰ ਉਸਦੇ ਪ੍ਰੇਮ ਦਾ ਅਨੁਭਵ ਹੁੰਦਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਲਭਦੀ-ਲਭਦੀ

ਆ ਅਪੜੀ ਹੈ ਅਤੇ ਕਹਿੰਦੀ ਹੈ ਕਿ "ਤੁਸੀਂ ਸਾਥੋਂ ਪਰੇ-ਪਰੇ ਕਿਉਂ ਨੱਠੇ ਫਿਰਦੇ ਹੋ ?"

ਜਿਹੜਾ ਮਨੁੱਖ ਕੇਵਲ ਆਪਣੇ ਐਸ਼ ਜਾਂ ਸਰੀਰ-ਸੁਖ ਦੇ ਸਾਮਾਨ ਨੂੰ ਹੀ ਕੁਦਰਤ ਵਿੱਚ ਲਭਦਾ ਰਹਿੰਦਾ ਹੈ, ਉਸ ਵਿੱਚ ਉਸ ਰਾਗਾਤਮਕ 'ਸਤ' (ਪ੍ਰੇਮ ਮਈ ਅਸਲੀਅਤ) ਦੀ ਘਾਟ ਹੁੰਦੀ ਹੈ, ਜਿਹੜਾ ਪ੍ਰਗਟ ਹੋਈ ਹੋਈ ਸੱਤਾ ਮਾਤ੍ਰ ਨਾਲ ਏਕਾਕਾਰ ਹੋਕੇ ਆਪਣੇ ਮਨ ਦੇ ਵਿਆਪਕ ਹੋਣ ਦਾ ਸਬੂਤ ਦਿੰਦਾ ਹੈ। ਸਾਰੀਆਂ ਸੱਤਾਵਾਂ ਇੱਕ ਹੀ ਮਹਾਨ ਸੱਤ (ਰੱਬ) ਅਤੇ ਸਾਰੇ ਭਾਵ ਇੱਕ ਹੀ ਮਹਾਨ ਭਾਵ ਵਿੱਚ ਸਮਾਏ ਹੋਏ ਹਨ। ਇਸ ਲਈ ਬੁੱਧੀ ਦੇ ਕੰਮ ਦੁਆਰਾ ਸਾਡਾ ਗਿਆਨ ਜਿਸ ਅਭਿੰਨ ਭੂਮੀ ਤੇ ਪੁਜਦਾ ਹੈ, ਉਸੇ ਹੀ ਭੂਮੀ ਤਕ ਸਾਡਾ ਭਾਵਾਤਮਕ ਮਨ ਭੀ ਉਸ ਵਾਸਤਵਿਕ ਸੱਤ ਰਸ ਦੇ ਪ੍ਰਭਾਵ ਸਦਕੇ ਪਹੁੰਚਦਾ ਹੈ। ਇਸ ਤਰ੍ਹਾਂ ਅੰਤ ਵਿੱਚ ਜਾ ਕੇ ਦੋਹਾਂ ਪਖਾਂ ਦੀਆਂ ਬਿਰਤੀਆਂ ਮਿਲ ਜਾਂਦੀਆਂ ਹਨ। ਇਸ ਮਿਲਾਪ ਦੇ ਬਗੈਰ ਮਨੁੱਖ ਦੀ ਸਾਧਨਾ ਪੂਰੀ ਨਹੀਂ ਹੋ ਸਕਦੀ।

## ਪ੍ਰਭਾਵਸ਼ਾਲੀ ਸਚਾਈ

ਮਨੁੱਖਾ ਤੋਂ ਇਲਾਵਾ ਕੁਦਰਤ ਵਿੱਚ ਰੂਪ-ਵਪਾਰ ਕੁਝ ਅੰਦਰਲੇ ਭਾਵਾਂ ਜਾਂ ਸਚਿਆਈਆਂ ਨੂੰ ਪ੍ਰਗਟ ਕਰਦੇ ਹਨ। ਪਸ਼ੂ, ਪੰਛੀਆਂ ਦੇ ਸੁਖ-ਦੁਖ, ਖੁਸ਼ੀ-ਗ਼ਮੀ, ਪ੍ਰੇਮ, ਨਫਰਤ,, ਪ੍ਰਸੰਨਤਾ-ਨਾਰਾਜ਼ਗੀ, ਕਿਰਪਾ-ਗੁੱਸਾ ਆਦਿਕ ਭਾਵਾਂ ਦਾ ਪ੍ਰਗਟਾਉ ਜੋ ਉਨ੍ਹਾਂ ਦੀਆਂ ਸ਼ਕਲਾਂ ਕੰਮਾਂ ਅਤੇ ਸ਼ਬਦਾਂ ਦੁਆਰਾ ਹੁੰਦਾ ਹੈ। ਉਹ ਤਾਂ ਅਕਸਰ ਬਹੁਤ ਜ਼ਾਹਰ ਜਾਂ ਪ੍ਰਤੱਖ ਹੀ ਹੁੰਦਾ ਹੈ। ਕਵੀਆਂ ਨੂੰ ਉਨ੍ਹਾਂ ਉਤੇ ਆਪਣੇ ਭਾਵਾਂ ਨੂੰ ਆਰੋਪਿਤ ਕਰਮ ਦੀ ਲੋੜ ਅਕਸਰ ਨਹੀਂ ਹੁੰਦੀ। ਪਰ ਹਾਂ, ਸਚਿਆਈਆਂ ਨੂੰ ਉਹ ਕਦੇ-ਕਦੇ ਥੋਪਦੇ ਰਹਿੰਦੇ ਹਨ। ਇਸ ਪ੍ਰਕਾਰ ਦਾ ਥੋਪਣਾ (ਆਰੋਪ) ਕਦੇ-ਕਦੇ ਉਨ੍ਹਾਂ ਦੀ ਗਲ ਨੂੰ ਕਾਵਿ ਦੇ ਪਧਰ ਤੇ ਘਸੀਟ ਕੇ 'ਸੂਕਤੀ' ਜਾਂ 'ਸੁਭਾਸ਼ਤ' (ਮਿਠੀਆਂ ਚੰਗੀਆਂ ਗਲਾਂ) ਦੇ ਖੇਤਰ ਵਿੱਚ ਲੈ ਜਾਂਦਾ ਹੈ ਜਿਵੇਂ 'ਕਾਂ' ਸਵੇਰ ਹੁੰਦੇ ਹੀ ਕਿਉਂ 'ਕਾਂ ਕਾਂ' ਕਰਨ ਲਗ ਪੈਂਦੇ ਹਨ ? ਉਹ ਸਮਝਦੇ ਹਨ ਕਿ ਸੂਰਜ ਹਨੇਰੇ ਦਾ ਨਾਸ਼ ਕਰਦਾ ਹੋਇਆ ਵਧਦਾ ਆ ਰਹਿਆ ਹੈ। ਕਿਧਰੇ ਧੋਖੇ ਵਿੱਚ ਸਾਡਾ ਜੀਵਨ ਨਾਸ਼ ਨਾ ਕਰ ਦੇਵੇ। ਇਹ ਤਾਂ ਮਿਠੀ ਗਲ (ਸੂਕਤੀ ਮਾਤਰ) ਹੀ ਹੈ, ਕਾਵਿ ਨਹੀਂ। ਜਿਥੇ ਸਚਿਆਈਆਂ ਦੀਆਂ ਆਸ਼ਾਵਾਂ ਰਹਿੰਦੀਆਂ ਹਨ ਜਾਂ ਸਚਿਆਈਆਂ ਥੋਪੀਆਂ ਜਾਂਦੀਆਂ, ਉਥੇ ਉਹ ਅਲੰਕਾਰ ਦਾ ਰੂਪ ਧਾਰ ਲੈਂਦੇ ਹਨ, ਪਰ ਜਿਨ੍ਹਾਂ ਸਚਿਆਈਆਂ ਦੀ ਝਲਕ ਸਾਨੂੰ ਪਸ਼ੂ, ਪੰਛੀਆਂ ਦੇ ਰੂਪ, ਵਪਾਰ ਜਾਂ ਉਨ੍ਹਾਂ ਦੇ ਹਾਲਾਤ ਵਿੱਚ ਮਿਲਦੀ ਹੈ, ਸਚਮੁਚ

ਉਹ ਸਾਡੇ ਭਾਵਾਂ ਦੇ ਵਿਸ਼ਯ ਹੋ ਸਕਦੇ ਹਨ। ਮਨੁੱਖ ਸਾਰੀ ਧਰਤੀ ਨੂੰ ਛੰਡਦਾ ਚਲਾ ਆ ਰਹਿਆ ਹੈ। ਜੰਗਲ ਕਟ ਕਟ ਕੇ ਖੇਤ ਪਿੰਡ ਅਤੇ ਸ਼ਹਰ ਬਣਾਏ ਚਲੇ ਆ ਰਹੇ ਹਨ। ਪਸ਼ੂਆਂ ਅਤੇ ਪੰਛੀਆਂ ਦਾ ਭਾਗ ਖੋਹਿਆ ਜਾ ਰਹਿਆ ਹੈ। ਉਨ੍ਹਾਂ ਦੇ ਸਾਰਿਆਂ ਠਿਕਾਣਿਆਂ ਤੇ ਸਾਡਾ ਕਠੋਰ ਅਧਿਕਾਰ ਹੁੰਦਾ ਚਲਾ ਆ ਰਹਿਆ ਹੈ। ਉਹ ਕਿਥੇ ਜਾਣ ? ਕੁਝ ਤਾਂ ਸਾਡੀ ਗੁਲਾਮੀ ਕਰਦੇ ਹਨ। ਕੁਝ ਸਾਡੀਆਂ ਬਸਤੀਆਂ ਦੇ ਅੰਦਰ ਜਾਂ ਆਲੇ ਦੁਆਲੇ ਰਹਿੰਦੇ ਹਨ ਅਤੇ ਜ਼ੋਰਾ-ਜ਼ੋਰੀ ਝਪਟ ਮਾਰ ਕੇ ਆਪਣਾ ਹੱਕ ਲੈ ਲੈਂਦੇ ਹਨ। ਅਸੀਂ ਉਨ੍ਹਾਂ ਨਾਲ ਹਮੇਸ਼ਾ ਇਸ ਪ੍ਰਕਾਰ ਦਾ ਵਿਵਹਾਰ ਕਰਦੇ ਹਾਂ ਜਿਵੇਂ ਉਨ੍ਹਾਂ ਨੂੰ ਜੀਣ ਦਾ ਕੋਈ ਭੀ ਹੱਕ ਨਹੀਂ ਹੈ। ਇਨ੍ਹਾਂ ਸਚਿਆਈਆਂ ਦੀ ਅਸਲੀ ਝਲਕ ਸਾਨੂੰ ਉਨ੍ਹਾਂ ਦੇ ਹਾਲਤ ਤੋਂ ਮਿਲਦੀ ਹੈ। ਇਸ ਲਈ ਉਨ੍ਹਾਂ ਵਿੱਚੋਂ ਕਿਸੇ ਖਾਸ ਹਰਕਤ (ਚੇਸ਼ਟਾ) ਵਿੱਚ ਇਨ੍ਹਾਂ ਅਸਲੀਅਤਾਂ ਦੇ ਅਸਲੀ ਪ੍ਰਗਟਾਉ ਦਾ ਅਨੁਭਵ ਕਾਵਿ ਦੇ ਅੰਦਰ ਵਿਦਮਾਨ ਹੋਵੇਗਾ। ਜੇ ਕੋਈ ਬਾਂਦਰ ਸਾਡੇ ਸਾਹਮਣਿਓਂ ਕੋਈ ਖਾਣ ਪੀਣ ਦੀ ਚੀਜ਼ ਚੁਕ ਕੇ ਲੈ ਜਾਵੇ ਅਤੇ ਕਿਸੇ ਰੁਖ ਤੇ ਬੈਠਾ ਹੋਇਆ ਸਾਨੂੰ ਘੁਰਕਣ ਲਗੇ ਤਾਂ ਕਾਵਿ ਦੀ ਨਜ਼ਰ ਤੋਂ ਸਾਨੂੰ ਇਸ ਤਰ੍ਹਾਂ ਜਾਪ ਸਕਦਾ ਹੈ :—

"ਦੇਤੇ ਹੈਂ ਘੁੜਕੀ ਯਹ ਅਰਤ ਓਜਭਰੀ ਹਰੀ,
ਜੀਨੇ ਕਾ ਹਮਾਰਾ ਅਧਿਕਾਰ ਕਯਾ ਨਾ ਗਯਾ ਰਹ ?
ਪਰ ਪ੍ਰਤਿਸ਼ੋਧ ਕੇ ਪ੍ਰਸਾਰ ਬੀਚ ਤੇਰੇ, ਨਰ !
ਭ੍ਰੀੜਮਯ ਜੀਵਨ-ਉਪਾਯ ਹੈ ਹਮਾਰਾ ਯਹ।
ਦਾਨੀ ਜੋ ਹਮਾਰੇ ਰਹੇ, ਵੇ ਭੀ ਦਾਸ ਤੇਰੇ ਹੁਏ,
ਉਨ ਕੀ ਉਦਾਰਤਾ ਭੀ ਸਕਤਾ ਨਹੀਂ ਤੂ ਸਹ।
ਫੂਲੀ ਫਲੀ ਉਨ ਕੀ ਉਮੰਗ ਉਪਕਾਰ ਦੀ ਤੂ,
ਛੇਕਤਾ ਹੈ ਜਾਤਾ, ਹਮ ਜਾਏਂ ਕਹਾਂ, ਤੂ ਹੀ ਕਹ।"

ਦਰਖਤ, ਪੌਦੇ, ਲਤਾ-ਗੁਲਮ ਆਦਿਕ ਭੀ ਇਸੇ ਤਰ੍ਹਾਂ ਕੁਝ ਭਾਵਾਂ ਜਾਂ ਸਚਿਆਈਆਂ ਨੂੰ ਪ੍ਰਗਟ ਕਰਦੇ ਹਨ। ਜਿਹੜੀਆਂ ਕਦੇ-ਕਦੇ ਕੁਝ ਗੰਭੀਰ ਹੁੰਦੀਆਂ ਹਨ। ਸਾਧਾਰਣ ਨਜ਼ਰ ਭੀ ਬਰਖਾ ਦੀ ਝੜੀ ਦੇ ਮਗਰੋਂ ਉਨ੍ਹਾਂ ਦੀ ਖੁਸ਼ੀ ਅਤੇ ਉਮੰਗ ਨੂੰ ਗਰਮੀ ਦੇ ਤੇਜ ਤਾਪ ਵਿੱਚ ਉਨ੍ਹਾਂ ਦੀ ਢਿਲ ਅਤੇ ਉਦਾਸੀ ਨੂੰ, ਸਰਦੀ ਦੀ ਸਖਤ ਹਕੂਮਤ ਵਿੱਚ ਉਨ੍ਹਾਂ ਦੀ ਮਸਕੀਨੀ ਨੂੰ, ਬਸੰਤ ਵਿੱਚ ਉਨ੍ਹਾਂ ਦੀ ਮਸਤੀ, ਉਮੰਗ ਅਤੇ ਹੂਕ ਨੂੰ ਤੇਜ਼ ਤੂਫਾਨ ਦੇ ਵਿੱਚ ਉਨ੍ਹਾਂ ਦੀ ਵਿਆਕੁਲਤਾ ਨੂੰ ਪ੍ਰਕਾਸ਼ ਲਈ, ਉਨ੍ਹਾਂ ਦੀ ਉਤਸੁਕਤਾ ਨੂੰ ਵੇਖ ਸਕਦੀ ਹੈ। ਇਸੇ ਪ੍ਰਕਾਰ ਪ੍ਰੇਮੀਆਂ ਦੇ ਸਾਹਮਣੇ ਉਹ ਆਪਣੇ ਹਾਵ-ਭਾਵ ਆਦਿ ਦੁਆਰਾ ਕੁਝ ਅਸਲੀ ਸਚਿਆਈਆਂ ਨੂੰ

ਪ੍ਰਗਟ ਕਰਦੇ ਹਨ । ਸਾਡੇ ਦੇਸ਼ ਦੇ ਪੁਰਾਣੇ ਅਨਿਓਕਤੀਕਾਰਾਂ ਨੇ ਕਿਤੇ-ਕਿਤੇ ਇਸ ਪ੍ਰਗਟਾਉ ਵਲ ਧਿਆਨ ਦਿਤਾ ਹੈ । ਕਿਤੇ-ਕਿਤੇ ਦਾ ਅਰਥ ਇਹ ਹੈ ਕਿ ਬਹੁਤੀਆਂ ਥਾਂਵਾਂ ਤੇ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਥੋਪੀਆਂ ਹਨ । ਉਨ੍ਹਾਂ ਦੇ ਹਾਵ-ਭਾਵ ਜਾਂ ਹਾਲਤ ਤੋਂ ਸਚਿਆਈ ਨਹੀਂ ਚੁਣੀਂਦੀ । ਪਰ ਉਨ੍ਹਾਂ ਦੀ ਖਾਸ ਖਾਸ ਹਾਲਤ ਨੂੰ ਪ੍ਰੇਮ ਨਾਲ ਵੇਖਦਿਆਂ ਬਹੁਤ ਸਾਰੀਆਂ ਅਸਲੀ ਸਚਿਆਈਆਂ ਪ੍ਰਗਟ ਹੁੰਦੀਆਂ ਹਨ । ਮੀਲਾਂ ਤਕ ਫੈਲੇ ਹੋਏ, ਕੜੀ ਧੁੱਪ ਵਿੱਚ ਤਪਦੇ ਮੈਦਾਨ ਵਿੱਚ ਇਕ ਇਕੱਲਾ ਬੋਹੜ ਦਾ ਰੁਖ ਦੂਰ ਦੂਰ ਤਕ ਛਾਂ ਫੈਲਾਈ ਖੜਾ ਹੈ । ਹਵਾ ਦੇ ਬੁਲ੍ਹਿਆਂ ਨਾਲ ਉਸ ਦੀਆਂ ਟਾਹਣੀਆਂ ਅਤੇ ਪੱਤੇ ਹਿਲ-ਹਿਲ ਕੇ ਜਿਵੇਂ ਬੁਲਾ ਰਹੇ ਹੋਣ । ਅਸੀਂ ਧੁੱਪ ਤੋਂ ਘਬਰਾ ਕੇ ਉਸ ਵਲ ਵਧਦੇ ਹਾਂ । ਵੇਖਦੇ ਹਾਂ ਉਸ ਦੀ ਜੜ੍ਹ ਦੇ ਕੋਲ ਇੱਕ ਗਾਂ ਬੈਠੀ ਹੈ । ਅਖਾਂ ਬੰਦ ਕਰਕੇ ਜੁਗਾਲੀ ਕਰ ਰਹੀ ਹੈ । ਅਸੀਂ ਵੀ ਉਸੇ ਦੇ ਨਾਲ ਆਰਾਮ ਨਾਲ ਜਾ ਬੈਠਦੇ । ਇਤਨੇ ਵਿੱਚ ਇੱਕ ਕੁਤਾ ਜ਼ਬਾਨ ਲਮਕਾਈ ਹਫਦਾ ਹੋਇਆ ਉਸ ਛਾਂ ਹੇਠ ਆਉਂਦਾ ਹੈ ਅਤੇ ਸਾਡੇ ਵਿੱਚੋਂ ਕੋਈ ਉਠਕੇ ਸੋਟੀ ਲੈ ਕੇ ਉਸ ਨੂੰ ਭਜਾਉਣ ਲਗਦਾ ਹੈ । ਇਸ ਹਾਲਤ ਨੂੰ ਵੇਖਕੇ ਸਾਡੇ ਵਿੱਚੋਂ ਹੀ ਕੋਈ ਪ੍ਰੇਮੀ ਮਨੁੱਖ ਉਸ ਰੁਖ ਨੂੰ ਇਸ ਪ੍ਰਕਾਰ ਸੰਬੋਧਨ ਕਰੇ ਤਾਂ ਕਰ ਸਕਦਾ ਹੈ :—

ਕਾਇਆ ਕੀ ਨਾ ਛਾਇਆ ਯਹ ਕੇਵਲ ਤੁਮਹਾਰੀ, ਦ੍ਰੁਮ !
ਅੰਤਸ਼ ਕੇ ਮਰਮ ਕਾ ਪ੍ਰਕਾਸ਼ ਯਹ ਛਾਇਆ ਹੈ ।
ਭਰੀ ਇਸੀ ਮੇਂ ਯਹ ਸ੍ਵਰਗ-ਸ੍ਵਤਨ ਧਾਰਾ ਅਭੀ ।
ਜਿਸ ਮੇਂ ਨਾ ਪੂਰਾ ਪੂਰਾ ਨਰ ਬਹਿ ਪਾਇਆ ਹੈ ।
ਸ਼ਾਂਤੀਸਾਰ ਸੀਤਲ ਪ੍ਰਸਾਰ ਯਹ ਛਾਇਆ ਧੰਨਯ !
ਪ੍ਰੀਤੀ ਸਾ ਪਸਾਰੇ ਇਸੇ ਕੈਸੀ ਹਰੀ ਕਾਯਾ ਹੈ ।
ਹੇ ਨਰ, ਤੂ ਪਿਆਰਾ ਇਸ ਤਰੂ ਕਾ ਸ੍ਵਰੂਪ ਦੇਖ,
ਦੇਖ ਫਿਰ ਘੋਰ ਰੂਪ ਤੂ ਨੇ ਜੋ ਕਮਾਇਆ ਹੈ ।"

ਉਪਰ ਮਾਨਵ-ਖੇਤਰ ਅਤੇ ਮਾਨਵ ਤੋਂ ਛੁਟ ਜੀਵਧਾਰੀ ਸੰਸਾਰ ਦਾ ਵਰਣਨ ਹੋਇਆ ਹੈ । ਕਾਵਿ ਦੀ ਨਜ਼ਰ ਕਦੇ ਤਾਂ ਇਨ੍ਹਾਂ ਤੋਂ ਵੱਖ-ਵੱਖ ਰਹਿੰਦੀ ਹੈ ਅਤੇ ਕਦੇ ਸਾਮੂਹਿਕ ਰੂਪ ਵਿੱਚ ਸਾਰੇ ਜੀਵਨ ਖੇਤਰ 'ਤੇ ਇਹ ਕਹਿਣ ਦੀ ਲੋੜ ਨਹੀਂ ਕਿ ਟੁੱਟਵੀਂ ਨਜ਼ਰ ਨਾਲੋਂ ਸਮੂਹਕ ਨਜ਼ਰ ਵਧੇਰੇ ਵਿਅਪਕ ਅਤੇ ਗੰਭੀਰ ਰਹਿੰਦੀ ਹੈ । ਕੇਵਲ ਕਾਵਿ ਦੀ ਰੁਚੀ ਰਖਣ ਵਾਲੇ ਲੋਕ ਜਾਣਦੇ ਹਨ ਕਿ ਕਾਵਿ ਦੀ ਨਜ਼ਰ ਜੀਵਧਾਰੀ ਸੰਸਾਰ ਤਕ ਸੀਮਿਤ ਨਹੀਂ ਰਹਿੰਦੀ, ਸਗੋਂ ਉਹ ਕੁਦਰਤ ਦੇ ਉਸ ਭਾਗ ਵਲ ਵੀ ਜਾਂਦੀ ਹੈ ਜਿਸ ਨੂੰ ਨਿਰਜੀਵ ਅਤੇ ਜੜ੍ਹ ਆਖਦੇ ਹਨ ।

ਭੂਮੀ ਪਰਬਤ, ਚਟਾਨ, ਨਦੀ ਨਾਲੇ, ਟਿਬੇ, ਮੈਦਾਨ, ਸਮੁੰਦਰ,ਅਕਾਸ਼, ਮੇਘ, ਨਕਸ਼ਤ੍ਰ ਵਿਤਿ ਆਦਿ ਦੇ ਰੂਪਾਂ ਦੀ ਢਾਲ ਆਦਿ ਤੇ ਭੀ ਅਸੀਂ ਸੁੰਦਰਤਾ, ਮਧੁਰਤਾ, ਭਯੰਕਰਤ, ਮਨੋਹਰਤਾ, ਵਿਚਿਤ੍ਰਿਤਾ, ਉਦਾਸੀਨਤਾ' ਉਦਾਰਤਾ ਧਨਤਾ ਆਦਿ ਦੀ ਭਾਵਕਾਂ ਪ੍ਰਾਪਤ ਕਰਦੇ ਹਾਂ। ਕੜਕਦੀ ਧੁੱਪ ਦੇ ਪਿਛਾਂਹ ਉਘੜਦੀ ਹੋਈ ਘੱਟਾ ਦੀ ਸਾਵਲੀ ਮਨੋਹਰਤਾ ਅਤੇ ਸੀਤਲਤਾ ਦਾ ਅਨੁਭਵ ਮਨੁੱਖ ਤਾਂ ਕੀ ਸਗੋਂ ਪਸ਼ੂ, ਪੰਛੀ, ਦਰਖਤ, ਪੌਦੇ ਵੀ ਕਰਦੇ ਹਨ। ਆਪਣੇ ਆਲੇ ਦੁਆਲੇ ਹਰੀ ਭਰੀ ਲਹਲਹਾਉਂਦੀ ਪ੍ਰਫੁੱਲਤਾ ਨੂੰ ਫੈਲਾਉਂਦੀ ਹੋਈ ਨੇਕੀ ਦੀ ਅਟੁੱਟ ਜੀਵਨਧਾਰਾ ਵਿੱਚ ਅਸੀਂ ਵਹਿੰਦੀ ਹੋਈ ਉਦਾਰਤਾ ਦੇ ਦਰਸ਼ਨ ਕਰਦੇ ਹਾਂ। ਪਰਬਤ ਦੀਆਂ ਉਚੀਆਂ ਚੋਟੀਆਂ ਵਿੱਚ ਵਿਸ਼ਾਲਤਾ ਅਤੇ ਸੁੰਦਰਤਾ ਦਾ, ਜੁਆਰਭਾਟੇ ਭਰੇ ਜਲ ਸਮੂਹਾਂ ਵਿੱਚ ਦੁਖ ਅਤੇ ਵਿਆਕੁਲਤਾ ਦਾ, ਟੋਟੇ-ਟੋਟੇ ਹੋਏ ਬਦਲਾਂ ਤੋਂ ਸ਼ੋਭਤ, ਕਿਰਨਾਂ ਤੋਂ ਰੰਗੀ ਹੋਈ ਸਾਂਝ ਦੇ ਪਰਦੇ ਵਿੱਚ ਚਮਕਦੀ ਸੁੰਦਰਤਾ ਦਾ, ਤਪਸ਼ ਨਾਲ ਤਿਲਮਿਲਾਂਦੇ ਧਰਤੀ ਦੇ ਧੂੜ-ਮਿਟੀ ਕੇਰਦੀ ਹਨੇਰੀ ਦੇ ਝੋਕੇ ਵਿਚ ਤੇਜ਼ੀ ਤਗਰੀ ਦਾ, ਬਿਜਲੀ ਦੀ ਲਰਜ਼ਾ ਦੇਣ ਵਾਲੀ ਕੜਕ ਅਤੇ ਜੁਆਲਾਮੁਖੀ ਦੇ ਫਟਦੇ ਵਿਸਫੋਟ ਵਿੱਚ ਭਯਾਨਕਤਾ ਦਾ ਪ੍ਰਗਟਾਉ ਮਿਲਦਾ ਹੈ। ਇਹ ਸਭ ਸੰਸਾਰ ਰੂਪ ਮਹਾਂ ਕਾਵਿ ਦੀਆਂ ਭਾਵਨਾਵਾਂ ਨੂੰ ਵੇਖ ਸਕਦਾ ਹੈ।

ਜੜ੍ਹ ਜਗਤ ਵਿੱਚ ਵਿਚਰਦੇ ਹੋਏ ਰੂਪ, ਵਪਾਰ ਜਾਂ ਹਾਲਾਤ ਅਨੇਕਾਂ ਅਸਲੀ ਸਚਿਆਈਆਂ ਨੂੰ ਵੀ ਪ੍ਰਗਟਾਉਂਦੇ ਹਨ। ਜੀਵਨ ਵਿੱਚ ਸਚਿਆਈਆਂ ਦੇ ਨਾਲ ਉਨ੍ਹਾਂ ਦੀ ਸਮਾਨਤਾ ਦਾ ਬਹੁਤ ਚੰਗਾ ਅਸਲੀ ਪ੍ਰਗਟਾਉ ਕਿਧਰੇ ਕਿਧਰੇ ਸਾਡੇ ਦੇਸ਼ ਦੇ ਅਨਿਓਕਤੀ ਲੇਖਕਾਂ ਨੇ ਕੀਤਾ ਹੈ। ਜਿਵੇਂ, ਜੇ ਮਾਨਵ-ਖੇਤਰ ਦੇ ਵਿੱਚ ਵੇਖਦੇ ਹਾਂ ਤਾਂ ਸੁਖ-ਸੰਪਨੱਤਾ ਅਤੇ ਐਸ਼ਵਰਜ ਦੀ ਹਾਲਤ ਵਿੱਚ ਦਿਨ ਰਾਤ ਘੇਰਨ ਵਾਲੇ ਪ੍ਰਸੰਸਾ ਦਾ ਬਹੁਤ ਸ਼ੋਰ ਕਰਨ ਵਾਲੇ, ਮੁਸੀਬਤਾਂ ਅਤੇ ਦੁਖ ਸਮੇਂ ਨਹੀਂ ਬਹੁੜਦੇ ਅਤੇ ਜੇ ਜੜ੍ਹ ਜਗਤ ਵਿੱਚ ਵੇਖਦੇ ਹਾਂ ਤਾਂ ਭਰਪੂਰ ਤਲਾਵਾਂ ਦੇ ਕੰਢੇ ਜਿਹੜੇ ਪੰਛੀ ਬਰਾਬਰ ਚਹਚਹਾਉਂਦੇ ਰਹਿੰਦੇ ਹਨ, ਉਹ ਉਨ੍ਹਾਂ ਦੇ ਸੁਕਣ ਤੇ ਅਪਣਾ ਅਪਣਾ ਰਾਹ ਫੜਦੇ ਹਨ :–

> ਕੋ ਲਾਹਲ ਮੁਨੀ ਖਗਨ ਕੇ, ਸਰਵਰ ! ਜਨਿ ਅਨੁਰਾਗੀ।
> ਯੇ ਸਬ ਸੁਆਰਥ ਕੇ ਸਖਾ, ਦੁਰ ਦਿਨ ਦੇਹੈਂ ਤਿਆਗੀ।
> ਦੁਰਦਿਨ ਦੇਹੈਂ ਤਿਆਗਿ, ਤੋਯ ਤੇਰੋ ਜਬ ਜੈਹੈ।
> ਦੂਰਹਿ ਤੇ ਤਜਿ ਆਸ, ਪਾਸ ਕੋਊ ਨਹੀਂ ਐਹੈ।

ਇਸੇ ਤਰ੍ਹਾਂ ਸੂਖਮ ਅਤੇ ਗੰਭੀਰ ਨਜ਼ਰ ਵਾਲਿਆਂ ਨੂੰ ਹੋਰ ਡੂੰਘੇ ਵਿਅੰਗ

ਭੀ ਮਿਲ ਸਕਦੇ ਹਨ । ਆਪਣੇ ਆਲੇ ਦੁਆਲੇ ਦੀ ਹਰਿਆਵਲੀ ਅਤੇ ਖਿਲਾਰ ਦਾ ਵਰਣਨ ਕਰਨ ਲਈ ਇਹ ਜ਼ਰੂਰੀ ਹੈ ਕਿ ਨਦੀ ਕੁਝ ਸਮੇਂ ਤਕ ਇੱਕ ਬੰਨ੍ਹੀ ਹੋਈ ਹਦ ਵਿੱਚ ਵਗਦੀ ਰਹੇ । ਬਰਖਾ ਦੀ ਉਮੜਦੀ ਹੋਈ ਸੀਨਾਜ਼ੋਰੀ ਵਿੱਚ ਮਲੀ ਹੋਈ ਹਰਿਆਵਲੀ ਅਤੇ ਖਿਲਾਰ ਦਾ ਨਾਸ਼ ਸਾਹਮਣੇ ਆਉਂਦਾ ਹੈ,ਪਰੰਤੂ ਇਹ ਸੀਨਾਜ਼ੋਰੀ ਅਤੇ ਨਾਸ਼ ਥੋੜ੍ਹੇ ਚਿਰ ਲਈ ਹੁੰਦਾ ਹੈ ਅਤੇ ਇਸ ਦੁਆਰਾ ਅਗੇਂ ਲਈ ਪਾਲਣ ਦੀ ਨਵੀਂ ਸ਼ਕਤੀ ਦਾ ਸੰਗ੍ਰਹਿ ਹੁੰਦਾ ਹੈ । ਸੀਨਾਜ਼ੋਰੀ (ਉਛ੍ਰਿੰਖਲਤਾ) ਨਦੀ ਪੱਕੀ ਬਿਰਤੀ ਨਹੀਂ ਹੈ । ਨਦੀ ਦੇ ਇਸ ਰੂਪ ਵਿੱਚ ਸੂਖਮ ਅਤੇ ਗੰਭੀਰ ਨਜ਼ਰ ਲੋਕਚਾਲ ਦੇ ਸਰੂਪ ਦਾ ਦਰਸ਼ਨ ਹੁੰਦਾ ਹੈ । ਲੋਕ ਜੀਵਨ ਦੀ ਧਾਰਾ ਜਦ ਇੱਕ ਬੰਨ੍ਹੇ ਹੋਏ ਮਾਰਗ ਤੇ ਕੁਝ ਚਿਰ ਤਕ ਅਟੁੱਟ ਚਾਲ ਚਲਣ ਲਗਦੀ ਹੈ ਤਾਂ ਹੀ ਸਭਿਅਤਾ ਦੇ ਕਿਸੇ ਰੂਪ ਦਾ ਸਾਰਾ ਵਿਕਾਸ ਅਤੇ ਉਸ ਵਿੱਚ ਸੁਖ-ਸ਼ਾਂਤੀ ਦਾ ਟਿਕਾਉ ਹੁੰਦਾ ਹੈ । ਜਿਸ ਵੇਲੇ ਜੀਵਨ ਧਾਰਾ ਮੰਦ ਅਤੇ ਕਮਜ਼ੋਰ ਪੈ ਜਾਂਦੀ ਹੈ ਅਤੇ ਸਖਤ ਵਿਰੋਧਿਤਾ ਆ ਜਾਂਦੀ ਹੈ, ਉਸ ਵੇਲੇ ਨਵੀਂ ਤਾਕਤ ਦਾ ਪ੍ਰਵਾਹ ਫੁਟ ਪੈਂਦਾ ਹੈ। ਕਿਸੇ ਦੇ ਪ੍ਰਵਾਹ ਦੀ ਸੀਨਾਜ਼ੋਰੀ ਅੱਗੇ ਬਹੁਤ ਕੁਛ ਨਾਸ਼ ਵੀ ਹੁੰਦਾ ਹੈ । ਇਹ ਮੂੰਹ-ਜ਼ੋਰ ਵੇਗ ਜੀਵਨ ਦਾ ਜਾਂ ਜਗਤ ਦਾ ਨਿਤ ਰਹਣ ਵਾਲਾ ਸਰੂਪ ਨਹੀਂ ।

੩. ਪਹਲੇ ਕਹ ਚੁਕੇ ਹਾਂ ਕਿ ਮਾਨਵ ਖੇਤਰ ਅੰਦਰ ਬੰਨ੍ਹੀ ਰਹਣ ਵਾਲੀ ਕਾਵਿ-ਦ੍ਰਿਸ਼ਟੀ ਨਾਲ ਪੂਰੇ ਜੀਵਨ-ਖੇਤਰ ਅਤੇ ਸਾਰੇ ਜੜ੍ਹ-ਚੇਤਨ ਸੰਸਾਰ ਦੇ ਵਿਸ਼ਵ-ਖੇਤਰ ਵਿੱਚ ਅਸਲੀ ਤਹ ਤਕ ਪਹੁੰਚੀਆਂ ਹੋਈਆਂ ਸਚਿਆਈਆਂ ਦਾ ਸੰਗ੍ਰਹਿ ਕਰਨ ਵਾਲੀ ਨਜ਼ਰ ਇੱਕ ਦੂਜੇ ਤੋਂ ਵਧੇਰੇ ਫੈਲੀ ਹੋਈ ਅਤੇ ਗੰਭੀਰ ਕਰੀ ਜਾਏਗੀ । ਜਦ ਕਦੇ ਵੀ ਅਸਾਡੀਆਂ ਭਾਵਨਾਵਾਂ ਇਤਨੀਆਂ ਲੰਮੀਆਂ ਅਤੇ ਵਿਆਪਕ ਹੋ ਜਾਂਦੀਆਂ ਹਨ ਕਿ ਅਸੀਂ ਬੇਅੰਤ ਸਪਸ਼ਟ ਨਜ਼ਰ ਆਉਂਣ ਵਾਲੀ ਹਸਤੀ ਵਿੱਚ ਮਾਨਵ ਦੀ ਹਸਦੀ ਦੀ ਥਾਂ ਨੂੰ ਅਨੁਭਵ ਕਰਦੇ ਹਾਂ । ਤਾਂ ਸਾਡੀ ਨਿਖੇੜੂ ਨਜ਼ਰ ਉੱਤੇ ਮਖੌਲ ਹੁੰਦਾ ਹੈ । ਉਸ ਵੇਲੇ ਸਾਡਾ ਮਨ ਐਸੀ ਉੱਚੀ ਭੂਮੀ ਤੇ ਅਪੜਦਾ ਹੈ ਜਿਥੇ ਉਸ ਦੇ ਭਾਵ ਸ਼ਾਂਤ ਅਤੇ ਗੰਭੀਰ ਹੋ ਜਾਂਦੇ ਹਨ । ਉਸ ਦੇ ਅਨੁਭਵ ਦਾ ਵਿਸ਼ਯ ਹੀ ਕੁਝ ਬਦਲ ਜਾਂਦਾ ਹੈ ।

ਸਚਿਆਈਆਂ ਭਾਵੇਂ ਮਾਨਵ-ਖੇਤਰ ਦੀਆਂ ਹੋਣ ਅਤੇ ਭਾਵੇਂ ਵਿਆਪਕ-ਖੇਤਰ ਦੀਆਂ ਕੁਝ ਸਾਫ਼ ਹੁੰਦੀਆਂ ਹਨ ਅਤੇ ਕੁਝ ਛੁਪੀਆਂ ਹੋਈਆਂ । ਜਿਹੜੀ ਸਚਿਆਈ ਸਾਡੇ ਕਿਸੇ ਭਾਵ ਨੂੰ ਪੈਦਾ ਕਰੇ ਉਸ ਨੂੰ ਉਸ ਭਾਵ ਦਾ ਆਲੰਬਨ (ਸਹਾਰਾ) ਆਖਣਾ ਚਾਹੀਦਾ ਹੈ ਇਸ ਪ੍ਰਕਾਰ ਦੀਆਂ ਰਸਮਈ ਸਚਿਆਈਆਂ ਨੂੰ ਅਰੰਭ ਵਿੱਚ ਗਿਆਨ-ਇੰਦਰੀਆਂ ਪ੍ਰਗਟਾਉਂਦੀਆਂ ਹਨ । ਫਿਰ ਗਿਆਨ ਇੰਦਰੀਆਂ ਦੁਆਰਾ ਪ੍ਰਾਪਤ ਸਾਮਗ੍ਰੀ ਨਾਲ ਭਾਵਨਾ ਜਾਂ ਕਲਪਨਾ ਉਨ੍ਹਾਂ ਨੂੰ ਮਿਲਾਉਂਦੀ

ਹੈ । ਇਸ ਲਈ ਇਹ ਕਹਿਆ ਜਾ ਸਕਦਾ ਹੈ ਕਿ ਗਿਆਨ ਹੀ ਭਾਵਾਂ ਦੇ ਫੈਲਾਉ ਲਈ ਰਸਤਾ ਸਾਫ਼ ਕਰਦਾ ਹੈ, ਗਿਆਨ ਦੇ ਫੈਲਾਉ ਵਿੱਚ ਹੀ ਭਾਵਾਂ ਦਾ ਫੈਲਾਉ ਹੁੰਦਾ ਹੈ । ਅਰੰਭ ਵਿੱਚ ਮਨੁੱਖ ਦੀ ਚੇਤਨਤਾ ਜ਼ਿਆਦਾ ਤਰ ਇੰਦਰੀਆਂ ਦੇ ਗਿਆਨ ਦਾ ਸੰਗ੍ਰਹ ਹੀ ਬਣ ਕੇ ਰਹ ਗਈ । ਫਿਰ ਜਿਉਂ ਜਿਉਂ ਅੰਤਹ ਕਰਣ ਉੱਨਤੀ ਕਰਦਾ ਗਇਆ ਅਤੇ ਸਭਿਅਤਾ ਵਧਦੀ ਗਈ, ਤਿਉਂ ਤਿਉਂ ਮਨੁੱਖ ਦਾ ਗਿਆਨ ਬੁਧੀ-ਪਰਕ ਹੁੰਦਾ ਗਿਆ । ਇਸ ਲਈ ਉਸ ਦੇ ਫੈਲਾਉ ਦੇ ਨਾਲ ਨਾਲ ਸਾਨੂੰ ਆਪਣੇ ਮਨ ਦਾ ਫੈਲਾਉ ਵੀ ਵਧਾਉਣਾ ਪਵੇਗਾ । ਵਿਚਾਰਾਂ ਦੀ ਹਰਕਤ ਨਾਲ ਵਿਗਿਆਨ ਦੀ ਵਿਆਖਿਆ ਅਤੇ ਖੋਜ ਰਾਹੀਂ ਪ੍ਰਗਟ ਹੋਏ ਹਾਲਾਤ ਅਤੇ ਸਚਿਆਈਆਂ ਦੇ ਅਜਲੀ ਪੱਖ ਦਾ ਸਾਕਾਰ ਅਤੇ ਸਜੀਵ ਵਰਣਨ ਵੀ ਉਸ ਦਾ ਇਸ ਰੂਪ ਵਿੱਚ ਪ੍ਰਗਟ ਕਰਨਾ ਵੀ ਕਿ ਉਹ ਸਾਡੇ ਕਿਸੇ ਭਾਵ ਦਾ ਆਲੰਬਨ (ਆਸਰਾ) ਹੋ ਸਕੇ-ਕਵੀਆ ਦੇ ਕੰਮ ਅਤੇ ਉਚੇ ਕਾਵਿ ਦਾ ਹੀ ਇੱਕ ਚਿੰਨ੍ਹ ਸਚਿਆਈਆਂ ਅਤੇ ਹਾਲਤਾ ਦੇ ਅਸਲੀ ਰੂਪ, ਰੱਬ ਜਾਣ, ਕਿਤਨੀਆਂ ਗੱਲਾਂ ਦੀ ਤਹ ਵਿੱਚ ਛੁਪੇ ਹੋਣਗੇ ।

## "ਕਾਵਿ ਅਤੇ ਵਿਵਹਾਰ"

ਭਾਵਾਂ ਜਾਂ ਮਨ ਦੇ ਵਿਕਾਰਾਂ ਦੀ ਵਿਆਖਿਆ ਵਿੱਚ ਅਸੀਂ ਕਹ ਚੁਕੇ ਹਾਂ ਕਿ ਮਨੁੱਖ ਨੂੰ ਕਰਮਾਂ ਵਿੱਚ ਲਗਾਉਣ ਵਾਲੀ ਅਸਲੀ ਬਿਰਤੀ ਦਾ ਨਾਂ "ਭਾਵਾਤ-ਮਕਤਾ" ਹੈ। ਕੇਵਲ ਦਲੀਲ-ਮਈ ਬੁਧੀ ਜਾਂ "ਵਿਅਖਿਆ" ਦੇ ਬਲ ਨਾਲ ਅਸੀਂ ਕਿਸੇ ਕੰਮ ਵਿੱਚ ਨਹੀਂ ਲਗਦੇ । ਜਿਥੇ ਜਟਿਲ ਬੁੱਧੀ ਦੇ ਵਪਾਰ ਰਾਹੀਂ ਕੰਮ ਹੁੰਦਾ ਹੈ ਉਥੇ ਵੀ ਅੰਦਰੋਂ-ਅੰਦਰ ਕੋਈ ਭਾਵਨਾਂ ਜਾਂ ਵਾਸ਼ਨਾਂ ਛੁਪੀ ਰਹਿੰਦੀ ਹੈ । ਚਾਣਕ ਜਿਸ ਵੇਲੇ ਆਪਣੀਆਂ ਚਾਲਾਂ ਦੀ ਸਫਲਤਾ ਲਈ ਕੋਈ ਬੇਰਹਮ ਕੰਮ ਕਰਦਾ ਦਿਖਾਈ ਦਿੰਦਾ ਹੈ, ਉਸ ਵੇਲੇ ਉਹ ਦਇਆ, ਕਰੁਣਾ ਆਦਿਕ ਮਨ ਦੇ ਸਭ ਭਾਵਾਂ ਤੋਂ ਪਰੇ ਦਿਖਾਈ ਦਿੰਦਾ ਹੈ । ਜੇ ਅਸੀਂ ਰਤਾ ਧਿਆਨ-ਪੂਰਵਕ ਵੇਖੀਏ ਤਾਂ ਪਤਾ ਲਗੇਗਾ ਕਿ ਚਾਣਕ ਨੂੰ ਨਚਾਉਣ ਵਾਲੀ ਡੋਰ ਦਾ ਕਿਨਾਰਾ ਵੀ ਅੰਤਹਕਰਣ ਦੇ ਪ੍ਰੇਮ-ਪੂਰਣ ਭਾਗ ਵਿੱਚ ਹੀ ਹੈ ਵਚਨ ਨਿਭਾਉਣ ਦੀ ਮਧੁਰ ਭਾਵਨਾ ਅਤੇ ਨੰਦਵੰਸ਼ ਪ੍ਰਤੀ ਕ੍ਰੋਧ ਜਾਂ ਵੈਰ ਦੀ ਵਾਸਨਾ ਵਾਰੀ-ਵਾਰੀ ਉਸ ਡੋਰ ਨੂੰ ਹਿਲਾ ਰਹੀ ਜਾਪੇਗੀ । ਨਵੀਆਂ ਰਾਜਸੀ ਚਾਲਾਂ ਦੇ ਗੁਰੂ ਘੰਟਾਲ ਜਿਸ ਸਮੇਂ ਆਪਣੀ ਕਿਸੇ ਗਹਰੀ ਚਾਲ ਨਾਲ ਕਿਸੇ ਦੇਸ਼ ਦੀ ਬੇਕਸੂਰ ਜਨਤਾ ਦਾ ਸਰਬਨਾਸ਼ ਕਰਦੇ ਹਨ, ਉਸ ਸਮੇਂ ਉਹ ਦਇਆ ਆਦਿਕ ਕਮਜ਼ੋਰੀਆਂ ਤੋਂ ਅਲੱਗ, ਕੇਵਲ ਬੁੱਧੀ ਦੁਆਰਾ ਨਚਦੀਆਂ ਕਠਪੁਤਲੀਆਂ ਦਿਖਾਈ ਦਿੰਦੀਆਂ ਹਨ । ਪਰ ਜੇ ਉਨ੍ਹਾਂ

ਦੀ ਛਾਨਬੀਨ ਕੀਤੀ ਜਾਵੇ ਤਾਂ ਕਦੇ ਤਾਂ ਆਪਣੇ ਦੇਸ਼ ਵਾਸੀਆਂ ਦੇ ਸੁਖ ਦੀ ਉਤਸਕਤਾ, ਕਦੇ ਦੂਜੀ ਜਾਤੀ ਲਈ ਘੋਰ ਦ੍ਵੈਸ਼, ਕਦੇ ਆਪਣੀ ਜਾਤੀ ਸੰਬੰਧੀ ਉੱਚਤਾ ਦਾ ਨਵਾਂ ਜਾਂ ਪੁਰਾਣਾ ਘੁਮੰਡ ਇਸ਼ਾਰੇ ਕਰਦਾ ਹੋਇਆ ਮਿਲੇਗਾ।

ਗੱਲ ਇਹ ਹੈ ਕਿ ਕੇਵਲ ਇਸ ਗੱਲ ਨੂੰ ਧਿਆਨ ਵਿੱਚ ਰਖਦੇ ਹੋਏ ਹੀ ਅਸੀਂ ਕੋਈ ਕੰਮ ਨਹੀਂ ਕਰਦੇ ਜਾਂ ਕਰਨ ਲਈ ਤਿਆਰ ਨਹੀਂ ਹੁੰਦੇ ਤਾਕਿ ਉਹ ਕੰਮ ਚੰਗਾ ਹੈ ਜਾਂ ਮੰਦਾ. ਲਾਭ ਦੇਵੇਗਾ ਜਾਂ ਹਾਣ। ਜਦੋਂ ਉਸ ਦੀ ਜਾਂ ਉਸ ਦੇ ਨਤੀਜੇ ਦੀ ਕੋਈ ਐਸੀ ਗੱਲ ਸਾਡੇ ਵਿਚਾਰ ਵਿੱਚ ਆਉਂਦੀ ਹੈ। ਜਿਹੜੀ ਪ੍ਰਸੰਨਤਾ, ਕ੍ਰੋਧ, ਕਰੁਣਾ, ਭੈ, ਉਤਸੁਕਤਾ ਆਦਿ ਦਾ ਫੈਲਾਉ ਕਰ ਦੇਂਦੀ ਹੈ। ਜਦੋਂ ਅਸੀਂ ਉਸ ਕੰਮ ਕਰਨ ਨੂੰ ਜਾਂ ਨਾ ਕਰਨ ਲਈ ਤਿਆਰ ਹੁੰਦੇ ਹਾਂ। ਸ਼ੁੱਧ ਗਿਆਨ ਜਾਂ ਵਿਵੇਕ, ਕਰਮ ਨੂੰ ਨਹੀਂ ਭੜਕਾਉਂਦਾ। ਕਰਮ ਵਿੱਚ ਲਗਣ ਲਈ ਜਾਂ ਕਰਮ ਕਰਨ ਲਈ ਮਨ ਵਿੱਚ ਕਿਸੇ ਵੇਗ ਜਾਂ ਉਬਾਲ ਦਾ ਆਉਣਾ ਜ਼ਰੂਰੀ ਹੈ। ਜੇ ਕਿਸੇ ਮਨੁੱਖੀ-ਭੀੜ ਵਿੱਚ ਕਹਿਆ ਜਾਏ ਕਿ ਫਲਾਣਾ ਦੇਸ਼ ਤੁਹਾਡਾ ਇਤਨਾ ਰੁਪਿਆ ਹਰ ਸਾਲ ਉਠਾ ਲੈ ਜਾਂਦਾ ਹੈ, ਤਾਂ ਸੰਭਵ ਹੈ ਕਿ ਉਹ ਕੁਝ ਵੀ ਪ੍ਰਭਾਵਿਤ ਨਾ ਹੋਵੇ, ਪਰੰਤੂ ਜੇ ਗਰੀਬੀ ਦੇ ਕਾਲ ਦਾ ਡਰਾਉਣਾ ਅਤੇ ਕਰੁਣਾ-ਭਰਪੂਰ ਨਜ਼ਾਰਾ ਪੇਸ਼ ਕੀਤਾ ਜਾਵੇ, ਪੇਟ ਦੀ ਅੱਗ ਨਾਲ ਸਾੜੇ ਹੋਏ ਮਨੁੱਖੀ ਪਿੰਜਰ ਕਲਪਣਾ ਰਾਹੀਂ ਸਾਹਮਣੇ ਰਖੇ ਜਾਣ, ਭੁਖ ਨਾਲ ਤੜਪਦੇ ਬਾਲਕ ਨਾਲ ਬੈਠੀ ਮਾਂ ਦੇ ਵਿਰਲਾਪ-ਵੈਣ ਸੁਣਾਏ ਜਾਣ ਤਾਂ ਬਹੁਤੇ ਲੋਕ ਕ੍ਰੋਧ ਅਤੇ ਕਰੁਣਾ ਨਾਲ ਵਿਆਕੁਲ ਹੋ ਉਠਣਗੇ ਅਤੇ ਇਸ ਦਸ਼ਾ ਨੂੰ ਦੂਰ ਕਰਨ ਦੇ ਜੇ ਕੋਈ ਉਪਾਇ ਨਹੀਂ ਕਰ ਸਕਣਗੇ ਤਾਂ ਨਿਸਚਾ ਅਵੱਸ਼ ਕਰ ਲੈਣਗੇ। ਪਹਲੇ ਢੰਗ ਦੀ ਗਲ ਰਾਜਨੀਤੀ ਦੇ ਵਿਦਵਾਨ ਜਾਂ ਵਡੇ-ਵਡੇ ਅਰਥ-ਸ਼ਾਸਤਰੀ ਹੀ ਕਰ ਸਕਦੇ ਹਨ ਅਤੇ ਦੂਜੀ ਤਰ੍ਹਾਂ ਦਾ ਦ੍ਰਿਸ਼ ਕਵੀ ਹੀ ਬੰਨ੍ਹ ਸਕਦਾ ਹੈ। ਇਸ ਲਈ ਇਹ ਸੋਚ ਲੈਣਾ ਕਿ ਕਾਵਿ ਵਿਵਹਾਰ ਵਿੱਚ ਰੋੜਾ ਅਟਕਾਉਂਦਾ ਹੈ, ਉਸ ਦਾ ਅਧਿਐਨ ਨਪੁੰਸਕਤਾ ਪੈਦਾ ਕਰਦਾ ਹੈ, ਠੀਕ ਨਹੀਂ; ਕਵਿਤਾ ਤਾਂ ਭਾਵਾਂ ਦਾ ਫੈਲਾਉ ਕਰਕੇ ਕਰਮ-ਸ਼ੀਲ ਲਈ ਕਰਮ-ਖੇਤਰ ਨੂੰ ਹੋਰ ਵੀ ਲਮਾ ਕਰਦੀ ਹੈ।

ਉਪਰੋਕਤ ਵਿਚਾਰਾਂ ਦਾ ਆਧਾਰ ਜੇ ਕੁਝ ਹੋ ਸਕਦਾ ਹੈ ਤਾਂ ਇਹ ਜਿਹੜੇ ਪ੍ਰੇਮੀ ਜਾਂ ਭਾਵਕ ਹੁੰਦੇ ਹਨ, ਜਾਂ ਕਾਵਿ ਦੇ ਅਧਿਐਨ ਰਾਹੀਂ ਜਿਨ੍ਹਾਂ ਦੇ ਵਿਚਾਰਾਂ ਦੇ ਫੈਲਾਉ ਦਾ ਖੇਤਰ ਲੰਮਾ ਹੋ ਜਾਂਦਾ ਹੈ, ਉਨ੍ਹਾਂ ਦੀਆਂ ਬਿਰਤੀਆਂ ਉੱਠੀਆਂ ਸੁਆਰਥਮਈ ਨਹੀਂ ਰਹ ਸਕਦੀਆਂ। ਕਦੇ ਕਦੇ ਉਹ ਦੂਜਿਆਂ ਦਾ ਦਿਲ ਦੁਖਾਉਣ ਦੇ ਡਰ ਤੋਂ ਸ੍ਵ-ਅਭਿਮਾਨ, ਕੁਲ-ਗੌਰਵ, ਜਾਂ ਜ਼ਾਤ ਦੀ ਵਡਿਆਈ ਦੇ ਧਿਆਨ ਤੋਂ, ਜਾਂ ਜੀਵਨ ਦੇ ਕਿਸੇ ਪਹਲੂ ਦੀ ਵਡਿਆਈ ਦੇ ਵਿਚਾਰ ਵਿੱਚ ਚੁਪ

ਹੋ ਕੇ ਆਪਣੇ ਲਾਭ ਦੇ ਕੰਮ ਵਿੱਚ ਮਗਨ ਜਾਂ ਉਸ ਤੋਂ ਮਹਰੂਮ ਵੇਖੇ ਜਾਂਦੇ ਹਨ। ਇਸ ਲਈ ਮਾਇਆ ਦੀ ਪ੍ਰਾਪਤੀ ਤੋਂ ਪ੍ਰਸੰਨ, ਆਪਣਾ "ਉੱਲੂ ਸਿਧਾ ਕਰੋ" ਦੇ ਅਨੁਸਾਰੀ ਕਾਸ਼ੀ ਦੇ ਜੋਤਸ਼ੀ ਅਤੇ ਕਰਮਕਾਂਡੀ, ਕਾਨ੍ਹਪੁਰ ਦੇ ਬਾਣੀਏ ਅਤੇ ਦਲਾਲ, ਕਚਹਰੀਆਂ ਦੇ ਅਮਲੇ ਅਤੇ ਮੁਖਤਿਆਰ ਹੀ ਇਸ ਤਰ੍ਹਾਂ ਦੇ ਲੋਕਾਂ (ਕਾਵਿ ਅਧਿਐਨ-ਸ਼ੀਲ) ਨੂੰ ਕੰਮ ਵਿਗਾੜੂ ਮੂਰਖ, ਨਿਰੇ ਨਿਠੱਲੇ ਜਾਂ "ਮਖ਼ਬਤੁਲਹਵਾਸ" ਸਮਝ ਸਕਦੇ ਹਨ। ਜਿਸਦੇ ਵਿਚਾਰ ਕਿਸੇ ਗਲ ਦੇ ਅਸਲੀ ਪੱਖ ਨੂੰ ਪ੍ਰਗਟ ਕਰਨ ਵਿੱਚ ਲਗੇ ਰਹਿੰਦੇ ਹਨ, ਜਿਨ੍ਹਾਂ ਦੇ ਭਾਵ, ਜੜ੍ਹ ਅਤੇ ਚੇਤਨ ਸੰਸਾਰ ਵਿੱਚ ਵੇਖਦੇ ਹੀ ਉਸ ਵਲ ਨਠ ਪੈਂਦੇ ਹਨ, ਉਹ ਹਮੇਸ਼ਾ ਆਪਣੇ ਲਾਭ ਦੇ ਧਿਆਨ ਤੋਂ ਸੁਆਰਥਮਈ ਬੁੱਧੀ ਦੁਆਰਾ ਹੀ ਨਹੀਂ ਚਲਾਏ ਜਾਂਦੇ। ਉਨ੍ਹਾਂ ਦੀ ਇਹ ਵਿਸ਼ੇਸ਼ਤਾ ਮਾਇਆ ਦੇ ਕੀੜਿਆਂ ਨੂੰ—ਆਪਣੇ ਕੰਮ ਵਿੱਚ ਧਿਆਨ ਦੇਣ ਵਾਲਿਆਂ ਨੂੰ—ਇਕ ਕਮੀ ਜਿਹੀ ਜਾਪਦੀ ਹੈ। ਕਵੀ ਜਾਂ ਪ੍ਰੇਮੀ ਹਥ, ਪੈਰ ਨਹੀਂ ਹਿਲਾਉਂਦੇ ਹਨ, ਇਹ ਗਲ ਨਹੀਂ ਹੈ, ਪਰ ਮਾਇਕ ਵਿਚਾਰਾਂ ਵਾਲੇ ਲੋਕਾਂ ਲਈ ਉਨ੍ਹਾਂ ਦੀਆਂ ਬਹੁਤੀਆਂ ਕ੍ਰਿਯਾਵਾਂ ਬੇ-ਅਰਥ ਹਨ।

—o—

# ਅਕਾਡਮੀ ਵਲੋਂ ਪ੍ਰਕਾਸ਼ਿਤ

( ਬਾਲ ਸਾਹਿੱਤ )

੧. ਅੱਗ ਦੀ ਕਹਾਣੀ।

੨. ਮੋਤੀ ਦੀ ਕਹਾਣੀ।

੩. ਅਮਰ ਜੋਤੀ

(ਮਹਾਤਮਾ ਬੁੱਧ ਜੀ ਦਾ ਸਰਲ ਪੰਜਾਬੀ ਕਵਿਤਾ ਵਿਚ ਅਨੁਵਾਦ)

Statement about ownership and other particulars about newspaper ( ALOCHNA ) to be published in the first issue every year after last day of February.

FORM IV.

(See Rule 8)

| | | |
|---|---|---|
| 1. | Place of Publication | Ludhiana |
| 2. | Periodicity of its publication | Monthly |
| 3. | Printer's Name<br>Nationality<br>Adhress | S. Mohindar Singh<br>Indian<br>Mohindera Art Press,<br>Katchery Road, Ludhiana. |
| 4. | Publisher's Name<br>Nationality<br>Adress | Dr. Sher Singh<br>Indian<br>555-L Model Town Ldh. |
| 5. | Editor's Name<br>Nationality<br>Address | Prof. Gulwant Singh<br>Indian<br>398-R Model Town, Ldh. |
| 6. | Names and addresses of individuals who own the newspaper and partners or shareholders holding more than one per cent of the total capital. | Nil. |

I, Dr. Sher Singh, hereby declare that the particulars given above are true to the best of my knowledge and belief.

Date : 6-2-62.

Signature of Publisher
Sd. Sher Singh
General Secretary,
Punjabi Sahitya Akademy,
555-L, Model Town, Ludhiana.

# ਆਲੋਚਨਾ ਸੰਬੰਧੀ ਸੂਚਨਾਵਾਂ

੧. 'ਆਲੋਚਨਾ' ਇਕ ਮਾਸਿਕ ਪੱਤਰ ਹੈ। ਇਹ ਹਰ ਮਹੀਨੇ ਦੀ ਪਹਲੀ ਤਾਰੀਖ ਨੂੰ ਪ੍ਰਕਾਸ਼ਿਤ ਹੋਕੇ ਸਭ ਪਾਠਕਾਂ ਦੇ ਹੱਥ ਵਿੱਚ ਪਹੁੰਚ ਜਾਂਦਾ ਹੈ। ਪਾਠਕ ਸੰਭਾਲ ਕਰ ਲਇਆ ਕਰਨ।

੨. ਚੰਦਾ : 'ਆਲੋਚਨਾ' ਕਿਸੇ ਨੂੰ ਨਮੂਨੇ ਵਜੋਂ ਨਹੀਂ ਭੇਜਿਆ ਜਾਂਦਾ। ਚੰਦਾ ਇਕ ਪਰਚੇ ਲਈ ਪੰਜਾਹ ਨ: ਪੈ: (ਭਾਰਤ ਤੋਂ ਬਾਹਰ ਭੇਜਣ ਲਈ ੭੫ ਨ: ਪੈ:) ਤੇ ਸਾਲ ਲਈ ਪੰਜ ਰੁਪਏ (ਭਾਰਤ ਤੋਂ ਬਾਹਰ ਭੇਜਣ ਲਈ ਅੱਠ ਰੁਪਏ) ਪੇਸ਼ਗੀ ਆਉਣੇ ਜ਼ਰੂਰੀ ਹਨ। 'ਆਲੋਚਨਾ' ਵੀ. ਪੀ. ਪੀ. ਦੁਆਰਾ ਭੀ ਨਹੀਂ ਭੇਜਿਆ ਜਾਂਦਾ।

੩. 'ਆਲੋਚਨਾ' ਵਿਚ ਕੇਵਲ ਸਾਹਿੱਤਕ ਖੋਜ ਤੇ ਸਮਾਲੋਚਨਾ ਦੇ ਲੇਖ. ਹੀ ਛਾਪੇ ਜਾਂਦੇ ਹਨ, ਜਾਂ ਪੰਜਾਬੀ ਵਿਚ ਛਪੀਆਂ ਪੁਸਤਕਾਂ ਦੇ ਰੀਵਿਊ।

੪. 'ਆਲੋਚਨਾ' ਵਿੱਚ ਪ੍ਰਕਾਸ਼ਿਤ ਹਰੇਕ ਲੇਖ ਦਾ ਮੁਨਾਸਬ ਮੁਆਵਜ਼ਾ ਦਿੱਤਾ ਜਾਂਦਾ ਹੈ ਤੇ ਨਾਲੇ ਉਸ ਦੇ ਲੇਖ ਦੀਆਂ ਪੰਜ ਕਾਪੀਆਂ ਭੀ ਭੇਜੀਆਂ ਜਾਂਦੀਆਂ ਹਨ।

੫. 'ਆਲੋਚਨਾ' ਦੇ ਕਿਸੇ ਅੰਕ ਦੇ ਛਪਣ ਤੋਂ ਘਟ ਤੋਂ ਘਟ ਇਕ ਮਹੀਨਾ ਪਹਲਾਂ ਉਸ ਅੰਕ ਲਈ ਲੇਖ ਪਹੁੰਚ ਜਾਣੇ ਜ਼ਰੂਰੀ ਹਨ।

੬. ਨਾ-ਪਰਵਾਨ ਹੋਇਆ ਲੇਖ ਮੰਗਣ ਤੇ ਵਾਪਸ ਕਰ ਦਿੱਤਾ ਜਾਂਦਾ ਹੈ।

੭. ਹਰ ਲੇਖ ਸਾਫ਼, ਸ਼ੁੱਧ ਤੇ ਕਾਗਜ਼ ਦੇ ਇਕ ਪਾਸੇ ਲਿਖਿਆ ਹੋਣਾ ਚਾਹੀਦਾ ਹੈ ਪਦ-ਜੋੜ ਭੀ ਪ੍ਰਵਾਣਤ ਨਿਯਮ ਅਨੁਸਾਰ ਹੋਣੇ ਚਾਹੀਦੇ ਹਨ।

੮. ਏਜੰਸੀ ਪਰਚੂਨ ਨਿਰਖ ਤੇ ੩੩% ਕਮਿਸ਼ਨ ਤੇ ਦਿੱਤੀ ਜਾਂਦੀ ਹੈ। ਏਜੰਟ ਸਾਹਿਬਾਨ ਨੂੰ ਚਾਹੀਦਾ ਹੈ ਕਿ ਜਿੰਨੇ ਪਰਚਿਆਂ ਦੀ ਲੋੜ ਹੋਵੇ ਉਤਨਿਆਂ ਪਰਚਿਆਂ ਦੀ ਕੀਮਤ ਪੇਸ਼ਗੀ ਭੇਜਣ। ਦਸ ਪਰਚਿਆਂ ਤੋਂ ਘਟ ਲਈ ਕਮਿਸ਼ਨ ੨੫% ਹੈ।

੯. 'ਆਲੋਚਨਾ' ਵਿੱਚ ਇਸ਼ਤਿਹਾਰ ਭੀ ਦਿਤੇ ਜਾ ਸਕਦੇ ਹਨ। ਨਿਰਖ ਲਿਖਾ ਪੜ੍ਹੀ ਕਰਕੇ ਨਿਯਤ ਕੀਤੇ ਜਾਣ।